# ਕੱਚਾ ਧਾਗਾ

Digitized by Panjab Digital Library | www.panjabdigilib.org

ਪਾਤਰ–

ਸ: ਮਹੰਤ ਸਿੰਘ
ਜੁਗਿੰਦਰ ਕੌਰ
ਇੰਦਰ ਕੌਰ
ਸੁਰਿੰਦਰਾਂ
ਲਾਜੋ

Digitized by Panjab Digital Library | www.panjabdigilib.org

# ਕੱਚਾ ਧਾਗਾ

ਸੀਨ— ਮਜੀਠਾ ਰੋਡ ਅੰਮ੍ਰਿਤਸਰ ਤੇ ਸ: ਮਹੰਤ ਸਿੰਘ ਦੀ ਕੋਠੀ ਦਾ ਡਰਾਇੰਗ ਰੂਮ। ਕਮਰੇ ਵਿਚ ਸੋਫਾ ਸੈੱਟ ਪਿਆ ਹੈ ਤੇ ਇਕ ਪਾਸੇ ਨਿੱਕੇ ਜਿਹੇ ਮੇਜ਼ ਤੇ ਟੈਲੀਫੂਨ ਲਗਾ ਹੋਇਆ ਹੈ। ਅੰਗੀਠੀ ਤੇ ਇਕ ਸ਼ੀਸ਼ਾ, ਕੁਝ ਕਿਤਾਬਾਂ ਤੇ ਟੇਬਲ ਲੈਂਪ ਦਿਸ ਰਹੇ ਹਨ। ਸਾਹਮਣੇ ਦੀ ਬਾਰੀ ਵਿਚੋਂ ਕੋਠੀ ਦੇ ਬਾਹਰਲੇ ਬਾਗ ਦਾ ਨਜ਼ਾਰਾ ਦਿਖਾਈ ਦੇ ਰਿਹਾ ਹੈ। ਇਕ ਦਰਵਾਜ਼ਾ ਸਜੇ ਪਾਸੇ ਤੇ ਇਕ ਸਾਹਮਣੀ ਕੰਧ ਵਿਚ ਖਬੇ ਪਾਸੇ ਹੈ ਜੋ ਮਹੰਤ ਸਿੰਘ ਦੇ ਸੌਣ ਵਾਲੇ ਕਮਰੇ ਨੂੰ ਜਾਂਦਾ ਹੈ।

ਵਕਤ—ਦੁਪਹਿਰ ਦੇ ਸਾਢੇ ਕੁ ਬਾਰਾਂ ਵਜੇ।

ਪਰਦਾ ਉਠਣ ਤੇ ਕਮਰੇ ਵਿਚ ਕੋਈ ਨਹੀਂ। ਟੈਲੀਫੂਨ ਦੀ ਘੰਟੀ ਖੜਕਦੀ ਹੈ ਤੇ ਦੋ ਕੁ ਮਿੰਟ ਪਿਛੋਂ ਸਾਹਮਣੇ ਦਰਵਾਜ਼ੇ 'ਚੋਂ ਮਹੰਤ ਤੇ ਸਜੇ ਪਾਸੇ ਦੇ ਦਰਵਾਜ਼ੇ 'ਚੋਂ ਉਹਦੀ ਪਤਨੀ ਜੁਗਿਦਰ ਕੌਰ ਆਉਂਦੇ ਹਨ। ਮਹੰਤ ਸਿੰਘ ਮਧਰੇ ਕਦ ਦਾ ਅਧਖੜ ਉਮਰ ਦਾ ਆਦਮੀ ਹੈ। ਦਾਹੜੀ ਕਰੜ ਬਰੜੀ ਹੈ ਤੇ ਸਾਦੇ ਜਿਹੇ ਢੰਗ ਨਾਲ ਪੱਗ ਲਪੇਟੀ ਹੋਈ ਹੈ। ਤੇੜ ਪਜਾਮਾ ਤੇ ਗਲ ਗਰਮ ਕੋਟ ਪਾਇਆ ਹੋਇਆ ਹੈ। ਜੁਗਿੰਦਰ ਕੌਰ ਵਧੇਰੇ ਬੁਢੀ ਮਲੂਮ ਹੁੰਦੀ ਹੈ। ਮੂੰਹ ਤੇ ਝੁਰੜੀਆਂ ਹਨ



Digitized by Panjab Digital Library | www.panjabdigilib.org

ਅਰ ਐਨਕ ਲਾਈ ਹੋਈ ਹੈ। ਜੁਗਿੰਦਰ ਕੌਰ ਪਹਿਲਾਂ ਟੈਲੀ-ਫੂਨ ਦਾ ਰਸੀਵਰ ਚੁਕਦੀ ਹੈ ਤੇ ਫੇਰ ਮਹੰਤ ਸਿੰਘ ਨੂੰ ਅੰਦਰੋਂ ਆਇਆ ਵੇਖਦੀ ਹੈ।

ਜੁਗਿੰਦਰ—ਲੈ, ਤੇ ਤੁਸੀਂ ਅੰਦਰ ਹੀ ਸਉ, ਮੈਂ ਸਮਝਿਆ ਹੱਟੀ ਚਲੇ ਗਏ ਨੇ।

ਮਹੰਤ ਸਿੰਘ—(ਰਸੀਵਰ ਫੜ ਕੇ ਲੰਮੀ ਅਵਾਜ਼ ਵਿਚ) ਹੈ...ਲੋ। ਕੌਣ ਏ? ... ... ਅਨੰਤ ਰਾਮ ... ... ਹਲਾ, ਸੁਣਾ ਬਈ ਕੀ ਭਾਅ ਏ? ... ... ਇਕ ਸੌ ਬਾਨਵੇਂ? ... ... ਨਹੀਂ ਬਈ ਅਜੇ ਤਾਂ ਕੁਝ ਕਰਨ ਦਾ ਵਿਚਾਰ ਨਹੀਂ। (ਟੈਲੀਫੂਨ ਰਖਦਾ ਹੈ)

ਜੁਗਿੰਦਰ—ਤੇ ਤੁਸੀਂ ਅਜ ਹੱਟੀ ਨਹੀਂ ਗਏ?

ਮਹੰਤ—(ਸੋਫੇ ਤੇ ਬੈਠਦਾ ਹੋਇਆ) ਐਵੇਂ ਹੀ, ਅਜ ਕੁਝ ਤਬੀਅਤ ਠੀਕ ਨਹੀਂ ਸੀ ... ...।

ਜੁਗਿੰਦਰ—ਹੈਂ, ਸੁਖੀ ਸਾਂਦੀ, ਤਬੀਅਤ ਤੁਹਾਡੇ ਦੁਸ਼ਮਨਾਂ ਦੀ ਖਰਾਬ ਹੋਵੇ। ਇਸੇ ਲਈ ਚਾਹ ਵੀ ਆਪਣੇ ਕਮਰੇ ਵਿਚ ਮੰਗਵਾ ਲਈ ਸਾ ਜੇ? ਗਲ ਕੀ ਹੈ?

ਮਹੰਤ—ਨ...ਹੀਂ। ਕੋਈ ਖਾਸ ਗੱਲ ਤਾਂ ਨਹੀਂ। ਐਵੇਂ ਜ਼ਰਾ ਠੰਢ ਜਿਹੀ ਲਗ ਗਈ ਏ, ਮੈਂ ਕਿਹਾ ਚਲੋ ਹੱਟੀ ਕੀ ਜਾਣਾ ਏ। ਰਾਮ ਸਰੂਪ ਨੂੰ ਟੈਲੀਫੂਨ ਕਰ ਦਿਤਾ ਸੀ ਕਿ ਟੈਲੀਫੂਨ ਦਾ ਕੁਨੈਕਸ਼ਨ ਘਰ ਨਾਲ ਜੋੜ ਛਡ, ਜਿਹੜਾ ਫੂਨ ਆਵੇਗਾ ਇਥੇ ਹੀ ਬੈਠਾ ਸੁਣ ਲਵਾਂਗਾ।

ਜੁਗਿੰਦਰ—(ਜਲਦੀ ਨਾਲ ਉਠ ਕੇ ਅੰਦਰੋਂ ਕੰਬਲ ਲਿਆਉਂਦੀ ਹੈ) ਤੇ ਤੁਸੀਂ ਕੰਬਲ ਲੈਕੇ ਬੈਠੋ ਨਾ। ਉਫ! ਕਿਹੀ ਠੰਢੀ 'ਵਾ ਪਈ



Digitized by Panjab Digital Library | www.panjabdigilib.org

ਵਗਦੀ ਏ। ਮੇਰੇ ਤਾਂ ਹੱਥ ਠਰਦੇ ਜਾਂਦੇ ਨੇ।

ਮਹੰਤ—ਧਿਆਨ ਦੀ ਮਾਂ, ਹਰ ਕੋਈ ਆਪਣੇ ਸਮੇਂ ਸਿਰ ਜ਼ੋਰ ਦਿਖਾਉਂਦਾ ਏ। ਜੇ ਪੋਹ ਮਾਘ ਵਿਚ ਵੀ ਸਰਦੀ ਨਾ ਪਵੇ ਤਾਂ ਫੇਰ ਪੈਣੀ ਕਦੋਂ ਹੋਈ? ਚਲੋ, ਹੋਰ ਦੋ ਦਿਨ — ਆਇਆ ਬਸੰਤ ਤੇ ਪਾਲਾ ਉਡੰਤ।

ਜੁਗਿੰਦਰ—ਬਸੰਤ! ਹਾਂ ਸਚ, ਬਸੰਤ ਕਦੋਂ ਏ? ਤੁਸੀਂ ਤਾਂ ਵੇਲੇ ਸਿਰ ਹੀ ਯਾਦ ਕਰਾ ਦਿਤਾ ਏ।

ਮਹੰਤ—ਬਸ ਪਰਸੋਂ ਬਸੰਤ ਪੰਚਮੀ ਏ ਕਿ।

ਜੁਗਿੰਦਰ—ਪਰਸੋਂ ਏ? ... ... ਤੇ ਮੈਂ ਕਿਹਾ ਜੀ ਸੁਰਿੰਦਰਾਂ ਦੇ ਸਹੁਰੇ ਬਸੰਤ ਦਾ ਦਿਹਾਰ ਨਹੀਂ ਜੇ ਭੇਜਣਾ?

ਮਹੰਤ—ਇਹ ਹੁਣੇ ਤੈਨੂੰ ਪਤਾ ਹੋਵੇ ਕਿ। ਵਿਆਹਵਾਂ ਸ਼ਾਦੀਆਂ ਦੀਆਂ ਰਸਮਾਂ ਦਾ ਜਨਾਨੀਆਂ ਨੂੰ ਹੀ ਬਹੁਤਾ ਪਤਾ ਹੁੰਦੈ।

ਜੁਗਿੰਦਰ—ਮੇਰਾ ਤਾਂ ਖਿਆਲ ਹੈ ਅਜ ਹੀ ਦਿਹਾਰ ਭੇਜ ਦੇਣਾ ਚਾਹੀਦੈ, ਕੁੜਮਾਂ ਨੇ ਮੇਲੇ ਤੋਂ ਪਹਿਲਾਂ ਵੰਡਣਾ ਵੁੰਡਣਾ ਵੀ ਤੇ ਹੋਵੇਗਾ।

ਮਹੰਤ—ਚੰਗਾ ਫੇਰ, ਸੁਰਿੰਦਰਾਂ ਕਾਲਜੋਂ ਆਉਂਦੀ ਹੈ ਤਾਂ ਸਲਾਹ ਕਰ ਲੈਨੇ ਆਂ।

ਜੁਗਿੰਦਰ—ਸਗੋਂ ਮੇਰਾ ਤਾਂ ਖਿਆਲ ਹੈ ਉਹਨੂੰ ਪਤਾ ਹੀ ਨਾ ਲਗੇ। ਉਹਦਾ ਕਿਹੜਾ ਲੇਖਾ ਹੈ। ਉਹ ਤਾਂ ਐਵੇਂ ਸਭ ਰਸਮਾਂ ਰਵਾਜਾਂ ਵਿੱਚ ਨੁਕਸ ਛਾਂਟਦੀ ਰਹਿੰਦੀ ਹੈ। ਬੇਸ਼ਕ ਪੁੱਛ ਕੇ ਵੇਖ ਲਓ, ਆਖੇਗੀ ਭੇਜੋ ਹੀ ਕੁਝ ਨਾ।

ਮਹੰਤ—ਪਰ ਸੁਰਿੰਦਰਾਂ ਦੇ ਸਹੁਰਿਆਂ ਨੂੰ ਪਰਵਾਹ ਵੀ ਕਾਹਦੀ ਹੈ। ਅੰਮ੍ਰਿਤਸਰ ਦੀ ਸਿੱਟਾ ਮਾਰਕੀਟ ਵਿਚ ਉਨ੍ਹਾਂ ਦਾ ਦਬ ਦਬਾ



Digitized by Panjab Digital Library | www.panjabdigilib.org

ਹੈ। ਫੇਰ ਛਿਹਰਟੇ ਕਪੜੇ ਦੀ ਮਿੱਲ ਵੀ ਲਾਈ ਹੋਈ ਨੇ।
ਉਹ ਕੋਈ ਸਾਡੇ ਦਿਹਾਰਾਂ ਦੇ ਭੁੱਖੇ ਬੈਠੇ ਹੋਏ ਨੇ।

ਜੁਗਿੰਦਰ—ਰੱਬਾ ਕਰ ਕੇ ਉਹ ਦਿਨ ਦੂਣੀ, ਰਾਤ ਚੌਣੀ ਤਰੱਕੀ ਕਰਨ ਤੇ ਮੇਰੀ ਧੀ ਰਾਜ ਪਈ ਕਰੇ; ਪਰ ਇਹ ਦਸੋ ਕੀਹਦਾ ਜੀਅ ਨਹੀਂ ਕਰਦਾ ਕਿ ਪੁਤਰਾਂ ਦੀਆਂ ਸਹੁਰੀਆਂ ਚੀਜ਼ਾਂ ਖਾਵੇ। ਫੇਰ ਅੰਮ੍ਰਿਤਸਰ ਸ਼ਹਿਰ ਹੋਇਆ। ਦਰਬਾਰ ਡੇਰੇ ਜਾਓ ਤਾਂ ਜਣੀ ਖਣੀ ਪੁਛ ਲੈਂਦੀ ਏ—ਸੁਣਾ ਅੜੀਏ ਪੁੱਤਰ ਦੇ ਸਹੁਰਿਓਂ ਦਿਹਾਰ ਦਾ ਕੀ ਕੁਝ ਆਇਆ ਈ। ਜੇ ਕੁਝ ਨਾ ਭੇਜਿਆ ਤਾਂ ਬਦਨਾਮੀ ਈ ਏ ਨਾ। ਹੁਣ ਭਲਾ ਸਾਡਾ ਦਿਲ ਨਹੀਂ ਕਰਦਾ ਹੋਣਾ ਕਿ ਧਿਆਨ ਦੀਆਂ ਸਹੁਰੀਆਂ ਚੀਜਾਂ ਖਾਈਏ?

ਮਹੰਤ—(ਜਿਵੇਂ ਕੋਈ ਭੁੱਲੀ ਹੋਈ ਗੱਲ ਯਾਦ ਆ ਜਾਂਦੀ ਹੈ) ਹਾਂ ਸਚ, ਮੈਨੂੰ ਤਾਂ ਚੇਤਾ ਹੀ ਨਹੀਂ ਰਿਹਾ। ਅਜ ਧਿਆਨ ਨੂੰ ਸਹੁਰਿਆਂ ਨੇ ਸਦਿਆ ਏ, ਮੈਂ ਕਿਹਾ ਸੀ ਲਹੁਡੇ ਵੇਲੇ ਆਵੇਗਾ।

ਜੁਗਿੰਦਰ—(ਖੁਸ਼ ਹੋ ਕੇ) ਹਛਾ, ਹਛਾ, ਮੇਰਾ ਖਿਆਲ ਹੈ ਉਹ ਵੀ ਕਲ੍ਹ ਸਾਡਾ ਮੂੰਹ ਮਿਠਾ ਕਰਾਉਣਗੇ......ਧਿਆਨ ਦੀ ਕੁੜਮਾਈ ਪਿੱਛੋਂ ਸੁਖ ਨਾਲ ਇਹ ਪਹਿਲਾ ਦਿਹਾਰ ਆਉਣਾ ਏਂ।

ਮਹੰਤ—ਚਲੋ ਆਇਆ ਕਿ ਨਾ ਆਇਆ। ਚਾਰ ਥਾਲ ਮਠਿਆਈ ਦੇ ਲੈ ਕੇ ਅਸਾਂ ਕੋਈ ਵੱਡੇ ਹੋ ਜਾਣਾ ਏ!

ਜੁਗਿੰਦਰ—ਪਰ ਸੱਧਰ ਤਾਂ ਹੁੰਦੀ ਏ ਨਾ। ਅਜੇ ਉਸ ਦਿਨ ਧਿਆਨ ਦੀ ਮਾਸੀ ਪਈ ਪੁਛਦੀ ਸੀ, ਸੁਣਾ ਧਿਆਨ ਦੀਆਂ ਸਹੁਰੀਆਂ ਚੀਜਾਂ ਕਦੋਂ ਖੁਆਣੀਆਂ ਨੀ।



Digitized by Panjab Digital Library | www.panjabdigilib.org

ਮਹੰਤ—(ਕਾਹਲੀ ਨਾਲ ਹੱਥ ਜੋੜ ਕੇ) ਤੇਰੀ ਭੈਣ ਤੋਂ ਤਾਂ ਬਾਬਾ ਰੱਬ ਹੀ ਬਚਾਵੇ, ਉਹ ਤਾਂ ਕਹਿੰਦੀ ਏ ਅਗਲਿਆਂ ਨੂੰ ਲੁਟ ਕੇ ਖਾ ਜਾਵਾਂ।

(ਟੈਲੀਫੂਨ ਦੀ ਘੰਟੀ ਖੜਕਦੀ ਹੈ।
ਮਹੰਤ ਸਿੰਘ ਰਸੀਵਰ ਚੁਕਦਾ ਹੈ)

ਮਹੰਤ—ਹੈ......ਲੋ। ਕੌਣ ਏ ?......ਕਰਮ ਸਿੰਘ ?......ਕੀ ਭਾਅ ਏ ? ਇਕ ਸੌ ਬਾਨਵੇਂ ਅਠ ਆਨੇ ?......ਹਛਾ ਮੇਰੇ ਵੀਹ ਸਿੱਟੇ ਖਰੀਦ ਲੈ।

(ਟੈਲੀਫੂਨ ਰਖਦਾ ਹੈ, ਫੇਰ
ਘੰਟੀ ਖੜਕਣ ਲਗ ਪੈਂਦੀ ਹੈ)

ਮਹੰਤ—ਹੈ......ਲੋ। ਨੌਂ ਆਨੇ ਭਾਅ ਹੋ ਗਿਐ ?......ਤੇਜ਼ੀ ਕਾਹਦੀ ਆ ਰਹੀ ਏ ?......ਹਛਾ ੨੦ ਸਿੱਟੇ ਲੈ ਲੈ...... ਹੁਣੇ ਪਤਾ ਦੇਵੀਂ......। ਮੈਂ ਹੋਲਡ ਕਰਨਾ।

(ਟੈਲੀਫੂਨ ਦਾ ਰਸੀਵਰ ਕੰਨ ਕੋਲ ਹੀ ਰਖਦਾ ਹੈ
ਤੇ ਜੁਗਿੰਦਰ ਕੌਰ ਨਾਲ ਗੱਲਾਂ ਕਰੀ ਜਾਂਦਾ ਹੈ)

ਮਹੰਤ—ਐਹ ਸਹੂਲਤ ਹੈ ਨਾ ਸਾਡੇ ਕੰਮ ਦੀ, ਭਾਵੇਂ ਘਰ ਹੀ ਬੈਠੇ ਰਹੀਏ। ਬੈਂਕ ਦੀ ਨੌਕਰੀ ਕਰਦਾ ਸਾਂ ਤਾਂ ਸੌ ਕਜ਼ੀਆ ਕਰਨਾ ਪੈਂਦਾ ਸੀ।

ਜੁਗਿੰਦਰ—ਅਜ ਕਲ੍ਹ ਕਾਹਦਾ ਸਿੱਟਾ ਚਲਦਾ ਹੈ ਜੀ ?

ਮਹੰਤ—ਚਾਂਦੀ ਦਾ।

ਜੁਗਿੰਦਰ—ਤੁਸੀਂ ਤਾਂ ਕਹਿੰਦੇ ਸੀ ਚਾਂਦੀ ਦਾ ਸਿੱਟਾ ਬੰਦ ਹੋ ਜਾਣੈ।



Digitized by Panjab Digital Library | www.panjabdigilib.org

ਮਹੰਤ–ਅਜੇ ਤਾਂ ਗੌਰਮਿੰਟ ਨੇ ਬੰਦ ਨਹੀਂ ਕੀਤਾ, ਸ਼ਾਇਦ ਹੋ ਹੀ ਜਾਵੇ......(ਟੈਲੀਫੂਨ ਵਿਚ) ਹਾਂ......ਲੈ ਲਏ ਨੇ ਵੀਹ ਸਿੱਟੇ...... ਭਾਅ ਦਸ ਆਨੇ ਹੋ ਗਿਐ ?......ਬਾਰਾਂ ਆਨੇ ?......ਇਹ ਗੱਲ ਕੀ ਹੈ......ਬੰਬਈ ਤੇਜ਼ੀ ਆਈ ਹੈ ?......ਤਾਂ ਫਿਰ ਇਥੇ ਤੇਜ਼ੀ ਆਉਣੀ ਜ਼ਰੂਰੀ ਹੈ......ਹਛਾ ਫੇਰ ੪੦ ਸਿੱਟੇ ਹੋਰ ਲੈ ਲੈ......(ਟੈਲੀਫੂਨ ਰਖਦਾ ਹੈ) ।

ਜੁਗਿੰਦਰ–ਜੇ ਚਾਂਦੀ ਦਾ ਸਿੱਟਾ ਬੰਦ ਹੋ ਗਿਆ ਤਾਂ ਫੇਰ ਕੀ ਕਰੋਗੇ?

ਮਹੰਤ–(ਹੱਸ ਕੇ) ਫੇਰ ?......ਸਾਨੂੰ ਕੀ ਫਰਕ ਪੈਣ ਲਗਾ ਏ। ਹੋਰ ਥੋੜ੍ਹੀਆਂ ਚੀਜ਼ਾਂ ਨੇ ? ਸਟੱਈਆਂ ਤਾਂ ਸਿੱਟਾ ਹੀ ਖੇਡਣਾ ਹੈ, ਭਾਵੇਂ ਇੱਟਾਂ ਦਾ ਸਿੱਟਾ ਕਰ ਲੈਣ ਜਾਂ ਸੁਆਹ ਦੀਆਂ ਬੋਰੀਆਂ ਦਾ ।

(ਟੈਲੀਫੂਨ ਖੜਕਦਾ ਹੈ)

ਮਹੰਤ–(ਰਸੀਵਰ ਚੁਕ ਕੇ) ਹਾਂ......ਕਿੰਨੇ ਲਏ ਈ ? ੩੦ ਸਿੱਟੇ ?...... ਇਹ ਤੀਹ ਕੀ ਭਾਅ ਲਏ ਈ ?......(ਜੇਬ ਵਿਚੋਂ ਪੈਨ ਕੱਢ ਕੇ ਮੇਜ਼ ਤੇ ਪਏ ਇਕ ਕਾਗਜ਼ ਤੇ ਲਿਖਦਾ ਹੈ) ਹਛਾ ਬੋਲ, ਮੈਂ ਲਿਖ ਲਵਾਂ......ਹਾਂ... ...ਪਹਿਲੇ ਵੀਹ ੧੯੨ ਰੁ: ੯ ਆਨੇ...... ਫੇਰ ੧੫ ਸਿੱਟੇ ੧੯੨ ਰੁ: ਸਾਢੇ ਯਾਰਾਂ ਆਨੇ ਫਰ ਪੰਦਰਾਂ ੧੨ ਆਨੇ......ਠੀਕ ਹੈ ਨਾ ?......ਹੁਣ ਭਾਅ ੧੯੩ ਹੋ ਗਿਐ ?......ਬੱਸ ਬਈ ਬਾਕੀ ਸਿਟੇ ਅਜੇ ਰਹਿਣ ਦੇ...... ।

(ਟੈਲੀਫੂਨ ਰਖਦਾ ਹੈ)

ਮਹੰਤ–ਧਿਆਨ ਕਿੱਥੇ ਗਿਆ ਏ ?



Digitized by Panjab Digital Library | www.panjabdigilib.org

ਜੁਗਿੰਦਰ—ਦਫਤਰੋਂ ਤਾਂ ਅਜ ਛੁਟੀ ਸੂ, ਪਰ ਆਪਣੇ ਇਕ ਦੋਸਤ ਨਾਲ ਗਿਐ।

ਮਹੰਤ—ਆਵੇ ਤਾਂ ਉਹਨੂੰ ਆਖ ਦੇਵੀਂ ਲਹੁਡੇ ਵੇਲੇ ਆਪਣੇ ਸਹੁਰੇ ਦੀ ਹੱਟੀ ਹੋ ਆਵੇ। ਜਿਨ੍ਹਾਂ ਧੀ ਦੇਣੀ ਏ ਉਹ ਵੀ ਹਿੱਤ ਕਰਦੇ ਨੇ।

ਜੁਗਿੰਦਰ—ਲੈ, ਜਾਣਾ ਕਿਉਂ ਨਹੀਂ ਸੂ। ਹੁਣ ਸੁਰਿੰਦਰਾਂ ਦਾ ਗਭਰੂ ਬੰਬਈ ਗਿਆ ਹੋਇਆ ਏ, ਜੇ ਇਥੇ ਹੁੰਦਾ ਤਾਂ ਅਸਾਂ ਵੀ ਸਦਣਾ ਹੀ ਸੀ। ਮੁੰਡਾ ਕੁਝ ਖਾ ਪੀ ਜਾਂਦਾ, ਧਿਆਨ ਨੂੰ ਆਖਦੇ ਉਹਨੂੰ ਸਿਨੇਮਾ ਦਿਖਾ ਲਿਆਉਂਦਾ।

ਮਹੰਤ—ਹਾਂ, ਫੇਰ ਦਿਹਾਰ ਵਾਲੀ ਗੱਲ ਤਾਂ ਵਿਚੇ ਹੀ ਰਹਿ ਗਈ। ਹੁਣੇ ਤਾਂ ਐਨੀ ਕਾਹਲੀ ਪਈ ਹੋਈ ਸੈਂ......

ਜੁਗਿੰਦਰ—ਮੇਰਾ ਖਿਆਲ ਹੈ ਭੈਣ ਇੰਦਰ ਕੌਰ ਨੂੰ ਸੱਦ ਕੇ ਪੁੱਛ ਲਈਏ, ਉਹ ਸਿਆਣੀ ਏ।

ਮਹੰਤ—(ਜ਼ਰਾ ਮੂੰਹ ਭੁਆ ਕੇ) ਤੂੰ ਤੇ ਬਸ ਇੰਦਰ ਕੌਰ ਤੋਂ ਬਿਨਾਂ ਨਿੱਛ ਵੀ ਨਹੀਂ ਮਾਰ ਸਕਦੀ।

ਜੁਗਿੰਦਰ—ਮਾਵਾਂ ਬਣੀਕ ਮੇਰੀ ਵੱਡੀ ਭੈਣ ਏ। ਮਾਂ ਦੇ ਮਰਨ ਪਿਛੋਂ ਉਸੇ ਨੇ ਤਾਂ ਮੈਨੂੰ ਪਾਲਿਆ ਪੋਸਿਆ ਹੈ, ਹੁਣ ਉਹਦੀ ਇੰਨੀ ਵੀ ਇਜ਼ਤ ਨਾ ਕਰਾਂ ?

ਮਹੰਤ—(ਗਲ ਮੁਕਾਂਦਾ ਹੋਇਆ) ਹੱਛਾ ਬਾਬਾ ਸੱਦ ਲੈ।

ਜੁਗਿੰਦਰ—ਨਾ, ਤੇ ਤੁਹਾਡਾ ਇਹਦੇ ਵਿੱਚ ਹਰਜ ਵੀ ਕੀ ਏ ?

ਮਹੰਤ—ਓ......ਹੋ, ਤੇ ਮੈਂ ਕਦੋਂ ਆਖਿਐ ਨਾ ਸੱਦ ?

ਜੁਗਿੰਦਰ—(ਉੱਚੀ) ਲਾਜੋ, ਨੀ ਲਾਜੋ।



Digitized by Panjab Digital Library | www.panjabdigilib.org

ਲਾਜੋ–(ਅੰਦਰ ਆ ਕੇ) ਦਸੋ ਬੀਬੀ ਜੀ।

ਜੁਗਿੰਦਰ–ਲਾਜੋ, ਜਾਹ ਨੀ ਜਾ ਕੇ ਭੈਣ ਇੰਦਰ ਕੌਰ ਨੂੰ ਸਦ ਲਿਆ, ਆਖੀਂ ਬੜਾ ਜ਼ਰੂਰੀ ਕੰਮ ਏ, ਹੁਣੇ ਆਓ।

ਲਾਜੋ–ਹੱਛਾ ਬੀਬੀ ਜੀ।

(ਬਾਹਰ ਜਾਂਦੀ ਹੈ)

(ਸੁਰਿੰਦਰ, ੧੯ ਕੁ ਸਾਲ ਦੀ ਇਕ ਜਵਾਨ ਕੁੜੀ ਕਮਰੇ ਵਿਚ ਦਾਖਲ ਹੁੰਦੀ ਹੈ। ਉਜਲੇ ਕਪੜੇ ਪਾਏ ਹੋਏ ਹਨ, ਦੋ ਗੁੱਤਾਂ ਕੀਤੀਆਂ ਹੋਈਆਂ ਹਨ ਤੇ ਚੁੰਨੀ ਸਿਰ ਤੇ ਕਰਨ ਦੀ ਬਜਾਏ ਮੋਢਿਆਂ ਤੇ ਸੁੱਟੀ ਹੋਈ ਹੈ। ਹੱਥ ਵਿਚ ਕਿਤਾਬਾਂ ਹਨ।

ਅੰਦਰ ਵੜਦਿਆਂ ਹੀ ਕਮਰੇ ਦੇ ਚਾਰੇ ਪਾਸੇ ਧਿਆਨ ਨਾਲ ਵੇਖਦੀ ਹੈ। ਕੋਲ ਪਏ ਮੇਜ਼ ਤੇ ਕਿਤਾਬਾਂ ਰਖ ਕੇ ਸੋਫੇ ਤੇ ਬੈਠ ਜਾਂਦੀ ਹੈ)

ਮਹੰਤ–ਸੁਰਿੰਦਰਾਂ, ਬੇਟਾ ਅਜ ਜਲਦੀ ਆ ਗਈ ਏਂ ਕਾਲਜੋਂ ?

ਸੁਰਿੰਦਰ–ਪਾਪਾ ਜੀ, ਅਜ ਸਿਰ ਪੀੜ ਪਈ ਹੁੰਦੀ ਸੀ, ਜਲਦੀ ਹੀ ਛੁੱਟੀ ਲੈ ਆਈ ਆਂ।

ਜੁਗਿੰਦਰ–ਸਿਰ ਪੀੜ ? ਮਾਂ ਸਦਕੇ ਜਾਵੇ, ਮੇਰੀ ਨਾਜ਼ਕ ਧੀ ਏ, ਰਾਤੀਂ ਬਹੁਤ ਦੇਰ ਪੜ੍ਹਦੀ ਰਹੀ ਹੋਵੇਂਗੀ ਨਾ।

(ਟੈਲੀਫੂਨ ਦੀ ਘੰਟੀ ਖੜਕਦੀ ਹੈ। ਮਹੰਤ ਸਿੰਘ ਰਸੀਵਰ ਚੁਕਦਾ ਹੈ)

ਮਹੰਤ–ਹੈ...ਲੋ – ਕੀ ਭਾਅ ਏ ? (ਖੁਸ਼ ਹੋ ਕੇ) ਚਾਰ ਆਨੇ ? ...



Digitized by Panjab Digital Library | www.panjabdigilib.org

ਸ਼ਾਬਾਸ਼ ਨਹੀਂ ਬਈ ਅਜੇ ਵੇਚਣ ਦੀ ਸਲਾਹ ਨਹੀਂ ... ...ਮੇਰਾ ਖ਼ਿਆਲ ਤੇਜ਼ੀ ਦਾ ਹੈ ... ... ਭਾਅ ਪੰਜ ਆਨੇ ? ... ਹਛਾ ਦਸ ਸਿੱਟੇ ਹੋਰ ਲੈ ... ... (ਟੈਲੀਫ਼ੂਨ ਹੱਥ ਵਿਚ ਹੀ ਰਖਦਾ ਹੈ) ਮੈਂ ਹੋਲਡ ਕਰਨਾ ... ... ।

ਸੁਰਿੰਦਰ–ਪਾਪਾ ਜੀ, ਮੈਨੂੰ ਤੁਹਾਡਾ ਇਹ ਸਿੱਟੇ ਦਾ ਕੰਮ ਰਤਾ ਨਹੀਂ ਚੰਗਾ ਲਗਦਾਂ। ਕੋਈ ਐਸਾ ਕੰਮ ਕਰੋ, ਜਿਸ ਨਾਲ ਸੁਸਾਇਟੀ ਦਾ ਵੀ ਕੁਝ ਭਲਾ ਹੋਵੇ।

ਮਹੰਤ–ਹੈਂ ਝੱਲੀ ! ... ਜਿਹੜੇ ਕੰਮ ਵਿਚ ਚਾਰ ਪੈਸੇ ਲਭਣ, ਉਹ ਚੰਗਾ ਹੀ ਚੰਗਾ ਏ। .. ... ਵੇਖ, ਇਕ ਸਿੱਟਾ ੨੮੦੦ ਤੋਲੇ ਚਾਂਦੀ ਦਾ ਹੁੰਦਾ ਹੈ ਤੇ ਭਾਅ ਸੌ ਤੋਲੇ ਦਾ ਗਿਣਿਆ ਜਾਂਦਾ ਹੈ। ਜੇ ਇਕ ਰੁਪਿਆ ਵੀ ਭਾਅ ਵੱਧ ਜਾਵੇ ਤਾਂ ੨੮ ਰੁਪਏ ਖੱਟੇ ।

ਸੁਰਿੰਦਰ–ਪਰ ਹੈ ਤਾਂ ਵਿਹਲੀਆਂ ਖਾਣ ਵਾਲੀ ਗੱਲ। ਟੈਲੀਫ਼ੂਨ ਤੇ ਬੈਠੇ (ਰੀਸ ਲਾ ਕੇ)'ਹੈਲੋ ਹੈਲੋ' ਕਰਦੇ ਰਹੇ ਤੇ ਰੁਪਏ ਖੱਟ ਲਏ।

ਜੁਗਿੰਦਰ–ਹੂੰ, ਦੇਖੇਂ ਨਾ ਚੰਗੀ ਲਗਦੀ ਹੋਵੇਂਗੀ ਪਿਉ ਦੀਆਂ ਰੀਸਾਂ ਲਾਂਦੀ।

ਮਹੰਤ–ਸੁਰਿੰਦਰਾਂ, ਸਿੱਟੇ ਵਿੱਚ ਇਹੋ ਤਾਂ ਮੌਜ ਹੈ। ਨਾ ਕੁਝ ਖਦੀਦਣਾ ਨਾ ਕੁਝ ਵੇਚਣਾ, ਸਭ ਜ਼ਬਾਨੀ ਜਮ੍ਹਾਂ ਖਰਚ ਤੇ ਘਾਟਾ ਵਾਧਾ ਲੈਣ ਦੇਣ। ਸੌਦੇ ਨਾਲ ਵਾਸਤਾ ਨਹੀਂ ਸੌਦੇ ਦੇ ਨਤੀਜੇ ਨਾਲ ਵਾਸਤਾ ਹੈ ਤਾਂ ਹੀ ਤਾਂ ਇਸ ਨੂੰ ਸਿੱਟਾ ਆਖਦੇ ਨੇ।

ਸੁਰਿੰਦਰ–ਵੱਡਾ ਨੁਕਸ ਤਾਂ ਇਹੋ ਹੀ ਹੈ ਕਿ ਸਮਾਜ ਸੇਵਾ ਕੋਈ ਨਹੀਂ ਹੁੰਦੀ। ਸਿਰਫ ਇਕ ਦੂਜੇ ਪਾਸੋਂ ਰੁਪਿਆ ਖੋਹਣ ਦੀ ਖੇਡ ਹੈ, ਹੋਰ ਤਾਂ ਕੁਝ ਸੌਰਦਾ ਨਹੀਂ।



Digitized by Panjab Digital Library | www.panjabdigilib.org

ਜੁਗਿੰਦਰ–ਵੇਖਿਆ ਜੇ, ਕਿਸ ਤਰ੍ਹਾਂ ਬਹਿਸ ਕਰਦੀ ਏ।

ਸੁਰਿੰਦਰ–ਬੀ ਜੀ, ਬਹਿਸ ਕਰਨਾ ਕੋਈ ਮਾੜੀ ਗਲ ਹੈ। ਇਸ ਤਰ੍ਹਾਂ ਤਾਂ ਵਾਕਫੀਅਤ ਵਧਦੀ ਹੈ, ਨਵੀਆਂ ਨਵੀਆਂ ਗੱਲਾਂ ਸੁਝਦੀਆਂ ਨੇ।

ਮਹੰਤ–ਠੀਕ ਠੀਕ। ਜਦੋਂ ਕੋਈ ਔਖਾ ਮਸਲਾ ਹੱਲ ਕਰਨਾ ਹੋਵੇ ਤਾਂ ਸਿਆਣੇ ਲੋਕ ਕਾਨਫਰੰਸਾਂ ਕਰਦੇ ਨੇ, ਬਹਿਸ ਕਰਦੇ ਨੇ ਤੇ ਮਸਲਿਆਂ ਦਾ ਹੱਲ ਲਭ ਲੈਂਦੇ ਨੇ।

ਜੁਗਿੰਦਰ–ਤੁਸੀਂ ਪਿਉ ਧੀ ਜਾਣੋ, ਸਾਡੇ ਲਈ ਤਾਂ ਕਾਲਾ ਅਖਰ ਭੈਂਸ ਬਰਾਬਰ ਏ।

ਸੁਰਿੰਦਰ–ਤੇ ਬੀ ਜੀ ਇਹ ਤਾਂ ਤੁਹਾਡੀ ਮਾਂ ਦਾ ਕਸੂਰ ਹੈ, ਜੀਹਨੇ ਤੁਹਾਨੂੰ ਪੜ੍ਹਾਇਆ ਨਹੀਂ। (ਮਹੰਤ ਸਿੰਘ ਮੁਸਕਰਾਂਦਾ ਹੈ)

ਜੁਗਿੰਦਰ–ਉਹ ਤਾਂ ਵਿਚਾਰੀ ਮੇਰੇ ਛੋਟੇ ਹੁੰਦਿਆਂ ਹੀ ਮਰ ਗਈ ਸੀ, ਉਹਦਾ ਕੀ ਕਸੂਰ।

ਸੁਰਿੰਦਰ–ਪਰ ਉਹ ਧੀ ਨੂੰ ਪੜ੍ਹਾਏ ਬਿਨਾਂ ਮੋਈ ਕਿਉਂ ? ਇਹ ਕੀ ਰਾਹ ਹੋਇਆ ?

(ਸਾਰੇ ਹੱਸ ਪੈਂਦੇ ਹਨ)

ਸੁਰਿੰਦਰ–ਬੀ ਜੀ, ਮੇਰੀ ਮਾਂ ਤੁਹਾਡੀ ਮਾਂ ਨਾਲੋਂ ਤਾਂ ਹਜ਼ਾਰ ਦਰਜੇ ਚੰਗੀ ਹੈ, ਜਿਹੜੀ ਮੈਨੂੰ ਕਾਲਜ ਵਿਚ ਪੜ੍ਹਾ ਰਹੀ ਏ।

(ਸਾਰੇ ਹੱਸਦੇ ਹਨ)

(ਟੈਲੀਫੂਨ ਦੀ ਘੰਟੀ ਖੜਕਦੀ ਹੈ। ਮਹੰਤ ਸਿੰਘ ਰਸੀਵਰ ਚੁਕਦਾ ਹੈ)



Digitized by Panjab Digital Library | www.panjabdigilib.org

ਮਹੰਤ–ਹੈ...ਲੋ। ... ...ਕੀ ਭਾਅ ਏ ?...ਇਕ ਸੌ ਤਿਰਾਨਵੇਂ ਪੰਜ ਆਨੇ ... ...ਹੱਛਾ ਦਸ ਸਿਟੇ ਲੈ ਲਏ ਈ?... ...ਬਸ ਬਈ ਹੋਰ ਸਲਾਹ ਨਹੀਂ ... ... ਅਗੇ ਸੱਠ ਸਿੱਟੇ ਸਿਰ ਤੇ ਨੇ ... ... ਮੰਦਾ ਤੇਜ਼ੀ ਕੀ ਭਾਅ ਲਗ ਰਿਹੈ ? ... ਹਛਾ ... ਹਛਾ ... ... । ਨਹੀਂ ।

(ਟੈਲੀਫੂਨ ਰਖਦਾ ਹੈ)

ਮਹੰਤ–(ਸੁਰਿੰਦਰਾਂ ਨੂੰ) ਵੇਖ ਤੈਨੂੰ ਸਿੱਟੇ ਦਾ ਇਕ ਫਾਇਦਾ ਦਸਨਾ। (ਸੁਰਿੰਦਰਾਂ ਚੁਸਤ ਹੋ ਕੇ ਸੁਣਦੀ ਹੈ) ਫਰਜ਼ ਕਰੋ ਕਿ ਕੋਈ ਕਾਰਖਾਨੇ ਵਾਲਾ ਇਕ ਖਾਸ ਕਿਸਮ ਦਾ ਇਕ ਲਖ ਗਜ਼ ਕਪੜਾ ਦੋ ਰੁਪਏ ਗਜ਼ ਸਪਲਾਈ ਕਰਨ ਦਾ ਠੇਕਾ ਲੈਂਦਾ ਹੈ।

ਸੁਰਿੰਦਰ–ਹੂੰ, ਪਰ ਇੰਨਾ ਕਪੜਾ ਤਿਆਰ ਹੁੰਦਿਆਂ ਤਾਂ ਕਾਫੀ ਦੇਰ ਲਗ ਜਾਵੇਗੀ।

ਮਹੰਤ–ਤੇ ਜੇਕਰ ਉਨੇ ਚਿਰ ਵਿਚ ਰੂੰ ਦਾ ਭਾਅ ਵਧ ਜਾਵੇ।

ਸੁਰਿੰਦਰ–ਤਾਂ ਕਾਰਖਾਨੇਦਾਰ ਨੂੰ ਘਾਟਾ ਹੀ ਪਵੇਗਾ। ਪਰ ਉਹਨੂੰ ਚਾਹੀਦਾ ਹੈ ਕਿ ਪਹਿਲਾਂ ਰੂੰ ਖਰੀਦ ਕੇ ਰਖੇ, ਜਦੋਂ ਉਹਨੇ ਸੌਦਾ ਕੀਤਾ ਹੈ।

ਮਹੰਤ–ਉਹਦੇ ਵਾਸਤੇ ਕਾਫੀ ਰੁਪਿਆ ਚਾਹੀਦਾ ਹੈ ਤੇ ਮਾਲ ਰਖਣ ਲਈ ਕਾਫ਼ੀ ਜਗ੍ਹਾ ਚਾਹੀਦੀ ਹੈ। ... ... ਅਜਿਹੇ ਵੇਲੇ ਸਿੱਟਾ ਕੰਮ ਆਉਂਦਾ ਹੈ।

ਸੁਰਿੰਦਰਾਂ–ਉਹ ਕਿਸ ਤਰ੍ਹਾਂ ਜੀ ?

ਮਹੰਤ–ਬਸ ਰੂੰ ਦੇ ਕੋਠੇ ਭਰਨ ਦੀ ਥਾਂ ਰੂੰ ਦੇ ਸਿੱਟੇ ਖਰੀਦ ਛਡੇ। ਜੇ ਠੇਕੇ ਵਿਚੋਂ ਘਾਟਾ ਪਏ ਤਾਂ ਸਿੱਟੇ ਵਿਚੋਂ ਫਾਇਦਾ ਹੋ ਜਾਵੇਗਾ ਘਾਟਾ ਬਰਾਬਰ। ਜੇਕਰ ਸਿੱਟੇ ਵਿੱਚ ਘਾਟਾ ਪੈ ਜਾਵੇਗਾ ਤਾਂ



Digitized by Panjab Digital Library | www.panjabdigilib.org

ਠੇਕੇ ਵਿਚ ਕਮਾਈ ਵਧ ਜਾਵੇਗੀ।

ਸੁਰਿੰਦਰ–(ਸਮਝ ਕੇ) ਇਹ ਤਾਂ ਠੀਕ ਹੈ। ਖੈਰ ਹਰ ਕੰਮ ਵਿਚ ਕੁਝ ਨਾ ਕੁਝ ਭਲਾਈ ਤਾਂ ਹੁੰਦੀ ਹੀ ਹੈ, ਪਰ ਪਾਪਾ ਜੀ ਆਖਰ ਇਹ ਹੈ ਤਾਂ ਨਿਰਾ ਜੂਆ ਹੀ।

ਜੁਗਿੰਦਰ–ਜੂਆ ਨਹੀਂ ਤਾਂ ਹੋਰ ਕੀ ਏ ? ਕਦੀ ਹਾਰ ਗਏ ਕਦੀ ਜਿਤ ਗਏ।

ਮਹੰਤ–ਜੇ ਇਸ ਤਰ੍ਹਾਂ ਸੋਚੋ ਤਾਂ ਸਾਰੀ ਜ਼ਿੰਦਗੀ ਹੀ ਜੂਆ ਹੈ। ਦਾਅ ਸਿਧਾ ਪੈ ਗਿਆ ਤਾਂ ਪੌਂ ਬਾਰਾਂ ਨਹੀਂ ਤਾਂ ਤਿੰਨ ਕਾਣੇ।

ਜੁਗਿੰਦਰ–ਪਰ ਸਿੱਟੇ ਵਿਚ ਤਾਂ ਹਰ ਵੇਲੇ ਖਤਰਾ ਹੀ ਲਗਾ ਰਹਿੰਦਾ ਹੈ। ਜੇ ਦਾਅ ਪੁੱਠਾ ਪੈ ਜਾਵੇ ਤਾਂ ਨੁਕਸਾਨ ਵੀ ਕਾਫੀ ਹੋ ਸਕਦਾ ਏ।

ਮਹੰਤ–'ਜੇ' ਦੀ ਗੱਲ ਭਲੀ ਪੁੱਛੀ ਉ। ਤੇ ਇਹ ਦਸ ਖਤਰਾ ਕਿਹੜੇ ਕੰਮ ਵਿਚ ਨਹੀਂ ?

ਸੁਰਿੰਦਰ–ਕਈ ਕੰਮ ਐਸੇ ਹੋ ਸਕਦੇ ਨੇ ਜੀ।

ਮਹੰਤ–(ਮੁਸਕਾ ਕੇ) ਨਹੀਂ ਬੇਟਾ, ਦੁਨੀਆਂ ਦਾ ਸ਼ਾਇਦ ਕੋਈ ਵੀ ਕੰਮ ਖਤਰੇ ਤੋਂ ਖਾਲੀ ਨਹੀਂ। ਖਤਰਾ ਤਾਂ ਪੈਰ ਪੈਰ ਤੇ ਹੋਇਆ। ਹੁਣ ਅਸੀਂ ਰੋਜ਼ ਘਰ ਦੀਆਂ ਪੌੜੀਆਂ ਚੜ੍ਹਦੇ ਹਾਂ ਜੇ ਡਿਗ ਪਈਏ ਤਾਂ ਸਿਰ ਪਾਟੇ, ਹਡ ਗੋਡੇ ਟੁਟ ਜਾਣ। ਖਤਰਾ ਹੀ ਏ ਨਾ ? ਪਰ ਅਸੀਂ ਪੌੜੀਆਂ ਚੜ੍ਹਨਾ ਤਾਂ ਨਹੀਂ ਛਡ ਸਕਦੇ।

ਜੁਗਿੰਦਰ–ਇਹ ਤਾਂ ਠੀਕ ਹੈ।

ਮਹੰਤ–(ਸੁਰਿੰਦਰਾਂ ਨੂੰ) ਇਸੇ ਤਰ੍ਹਾਂ ਅਸੀਂ ਰੋਜ਼ ਬਿਜਲੀ ਜਗਾਂਦੇ ਹਾਂ। 'ਜੇ' ਕਰੰਟ ਪੈ ਜਾਏ ਤਾਂ ਸਾਡੀ ਜਾਨ ਖਿਚ ਸਕਦਾ ਏ, ਹਰ



Digitized by Panjab Digital Library | www.panjabdigilib.org

ਵੇਲੇ ਖਤਰਾ ਹੀ ਏ ਨਾ ? ਪਰ ਅਸੀਂ ਬਿਜਲੀ ਜਗਾਣੀ ਤਾਂ ਨਹੀਂ ਛਡ ਸਕਦੇ।

ਸੁਰਿੰਦਰ—ਏਸ ਹਿਸਾਬ ਤਾਂ ਸਾਰੀ ਜ਼ਿੰਦਗੀ ਹੀ ਇਕ ਲਗਾਤਾਰ ਖਤਰਾ ਏ।

ਮਹੰਤ—'ਜੇ' ਦੇ ਖਤਰੇ ਕਰ ਕੇ ਕੋਈ ਕੰਮ ਨਹੀਂ ਛਡਿਆ ਜਾ ਸਕਦਾ। ਹਾਂ, ਮੈਂ ਇਹ ਗੱਲ ਮੰਨਦਾ ਹਾਂ ਸਿਟੇ ਦੇ ਕੰਮ ਨਾਲੋਂ ਵਧੀਆ ਅਨੇਕਾਂ ਕੰਮ ਹਨ ਜਿਨ੍ਹਾਂ ਨਾਲ ਮੁਲਕ ਦਾ ਵਧੇਰੇ ਭਲਾ ਹੋ ਸਕਦਾ ਹੈ, ਜਿਨ੍ਹਾਂ ਨਾਲ ਮੁਲਕ ਦੀ ਦੌਲਤ ਵਧਦੀ ਹੈ। ਇਸ ਕੰਮ ਵਿਚ ਬਹੁਤੇ ਗੁਆਂਦੇ ਤੇ ਥੋੜ੍ਹੇ ਖਟਦੇ ਨੇ।

ਸੁਰਿੰਦਰ—(ਜ਼ਰਾ ਚਮਕ ਕੇ) ਇਹੋ ਗਲ ਤਾਂ ਮੈਂ ਆਖਦੀ ਸਾਂ।

(ਟੈਲੀਫੂਨ ਦੀ ਘੰਟੀ)

ਮਹੰਤ—(ਰਸੀਵਰ ਚੁਕ ਕੇ) ਹੈ...ਲੋ ... ... ਹੈਲੋ ... ... ਹੈਂ ? ਕੀਹਨੂੰ ਬੁਲਾਂਦੇ ਹੋ ? ... ... ਬਿਜਲੀ ਘਰ ? ... ... ਗਲਤ ਨੰਬਰ ਹੈ।

(ਰਸੀਵਰ ਰਖ ਦੇਂਦਾ ਹੈ)

(ਮਹੰਤ ਸਿੰਘ ਕੋਲ ਪਈਆਂ ਕਿਤਾਬਾਂ ਫੋਲਣ ਲਗ ਪੈਂਦਾ ਹੈ ਤੇ ਸੁਰਿੰਦਰ ਜਲਦੀ ਨਾਲ ਕਿਤਾਬਾਂ ਚੁਕਣ ਲਗਦੀ ਹੈ, ਪਰ ਉਹ ਇਕ ਕਿਤਾਬ ਫੜ ਹੀ ਲੈਂਦਾ ਹੈ)

ਮਹੰਤ—ਆਹ ਦੇਖ ਫੇਰ, ਸੁਰਿੰਦਰ ਤੂੰ ਉਰਦੂ ਦੇ ਨਾਵਲ ਪੜ੍ਹਨੋ ਨਹੀਂ ਨਾ ਟਲਦੀ।

ਸੁਰਿੰਦਰ—ਪਰ ਪਾਪਾ ਜੀ ਨਾਵਲ ਪੜ੍ਹਨਾ ਕੋਈ ਮਾੜੀ ਗਲ ਏ।

ਮਹੰਤ—ਜੇ ਹੁਣ ਧਿਆਨ ਵੇਖ ਲਵੇ ਤਾਂ ਗੁਸੇ ਹੋਵੇ ਕਿ ਨਾ।



Digitized by Panjab Digital Library | www.panjabdigilib.org

ਜੁਗਿੰਦਰ—ਉਹਨੇ ਤਾਂ ਇਕ ਦਿਨ ਇਹਦੀ ਇਕ ਉਰਦ ਦੀ ਕਿਤਾਬ ਪਾੜ ਵੀ ਸੁਟੀ ਸੀ।

ਸੁਰਿੰਦਰ—ਵੀਰ ਜੀ ਤਾਂ ਐਵੇ ਨਰਾਜ਼ ਹੁੰਦੇ ਰਹਿੰਦੇ ਨੇ, ਕਦੀ ਸਿਨੇਮਾ ਜਾਣ ਦਾ ਨਾਂ ਲਓ ਤਾਂ ਵੀ ਨਾਰਾਜ਼, ਅਖੇ ਜੀ ਕੁੜੀਆਂ ਨੂੰ ਫਿਲਮਾਂ ਨਹੀਂ ਵੇਖਣੀਆਂ ਚਾਹੀਦੀਆਂ।

(ਜੁਗਿੰਦਰ ਤੇ ਮਹਿੰਤ ਸਿੰਘ ਮੁਸਕਾਂਦੇ ਹਨ)

ਜੁਗਿੰਦਰ—ਧਿਆਨ ਠੀਕ ਹੀ ਆਖਦਾ ਏ ਕਿ।

ਸੁਰਿੰਦਰ—ਹੁਣ ਵਿਆਹ ਹੋ ਜਾਇਗਾ, ਫੇਰ ਵੇਖਾਂਗੀ ਭਾਬੀ ਜੀ ਨੂੰ ਸਿਨੇਮਾ ਨਾ ਲਿਜਾਣਗੇ।

ਜੁਗਿੰਦਰ—ਸੁਰਿੰਦਰ ਤੂੰ ਇਹ ਫਿਕਰ ਨਾ ਕਰ, ਜੀਹਦੀ ਤੂੰ ਗੱਲ ਕਰਨੀ ਏ ਉਹਨੂੰ ਅਗੇ ਹੀ ਫਿਲਮਾਂ ਵੇਖਣ ਦਾ ਸ਼ੌਕ ਨਹੀਂ।

ਮਹਿੰਤ—ਇਹ ਤਾਂ ਫੇਰ ਬੜੀ ਵਧੀਆ ਗੱਲ ਏ।

ਜੁਗਿੰਦਰ—ਮੇਰੀ ਨੂੰਹ ਰਾਣੀ ਬੜੀ ਸੁਚੱਜੀ ਤੇ ਸਿਆਣੀ ਏ, ਸਿਊਣ ਪ੍ਰੋਣ ਵਿਚ ਮਾਹਰ ਏ ਤੇ ਐਡਾ ਸੋਹਣਾ ਕੀਰਤਨ ਕਰਦੀ ਜੇ ਕਿ ਜਾਣੋ ਅੰਮ੍ਰਿਤ ਦੀ ਵਰਖਾ ਪਈ ਹੁੰਦੀ ਏ।

ਮਹਿੰਤ—ਹਛਾ?

ਸੁਰਿੰਦਰ—ਆਪੋ ਆਪਣੇ ਸ਼ੌਕ ਦੀ ਗਲ ਏ ਜੀ। ਨਿਰੀ ਵਿਦਿਆ ਕਿਸ ਕੰਮ ਜੇ ਸਿਹਤ ਨਾ ਹੋਵੇ। ਮੈਂ ਟੈਨਸ ਖੇਡਨੀਆਂ, ਬੈਡਮਿੰਟਨ ਖੇਡਨੀਆਂ। ਭਾਬੀ ਜੀ ਨੇ ਭਾਵੇਂ ਇਨ੍ਹਾਂ ਖੇਡਾਂ ਦੇ ਕਦੀ ਨਾਂ ਵੀ ਨਾ ਸੁਣੇ ਹੋਣ।

ਜੁਗਿੰਦਰ—ਨੀ ਛਡ ਪਰੇ ਖੇਡਾਂ, ਮਾਹੀ ਮੁੰਡਾ ਨਾ ਹੋਵੇ ਤੇ। ਕੁੜੀਆਂ



Digitized by Panjab Digital Library | www.panjabdigilib.org

ਨੂੰ ਤਾਂ ਘਰ ਦੇ ਕੰਮਾਂ ਦੀ ਜਾਚ ਸਿਖਣੀ ਚਾਹੀਦੀ ਏ । ਮੇਰੀ ਨੂੰਹ ਰਾਣੀ ਐਡੇ ਸੁਹਣੇ ਖਾਣੇ ਪਕਾਂਦੀ ਏ ਕਿ ਮੂੰਹੋਂ ਨਾ ਲਹਿਣ । ਮੈਂ ਆਪ ਇਕ ਦਿਨ ਉਹਦੇ ਹੱਥ ਦੀਆਂ ਪਕੀਆਂ ਖਾ ਆਈ ਹਾਂ ।

ਮਹਿੰਤ–(ਮਚਲਾ ਬਣ ਕੇ) ਤੇ ਮੇਰੇ ਜੋਗੀਆਂ ਨਹੀਂ ਲਿਆਈ ।

(ਸਾਰੇ ਹਸ ਪੈਂਦੇ ਹਨ)

ਜੁਗਿੰਦਰ–ਲਉ ਹੁਣ ਸੁਖ ਨਾਲ ਵਿਆਹ ਲੈ ਲਵਾਂਗੇ ਤਾਂ ਰੋਜ਼ ਪਏ ਨੂੰਹ ਦੀਆਂ ਪਕੀਆਂ ਖਾਣਾ ।

ਮਹਿੰਤ–ਭੋਲੀਏ ਨੂੰਹਾਂ ਦੀਆਂ ਪਕੀਆਂ ਕੋਈ ਕਿਸਮਤ ਵਾਲੇ ਹੀ ਖਾਂਦੇ ਨੇ।

(ਟੈਲੀਫੂਨ ਦੀ ਘੰਟੀ ਖੜਕਦੀ ਹੈ । ਮਹਿੰਤ ਸਿੰਘ ਰਸੀਵਰ ਚੁਕਦਾ ਹੈ, ਦੋ ਵਾਰੀ 'ਹੈਲੋ ਹੈਲੋ' ਕਰਦਾ ਹੈ ਪਰ ਕੋਈ ਉਤਰ ਨਾ ਆਉਣ ਤੇ ਰਖ ਦੇਂਦਾ ਹੈ)

ਮਹਿੰਤ–ਓਹੋ ਕੀ ਹੋ ਗਿਆ । ਕੋਈ ਬੋਲਦਾ ਈ ਨਹੀਂ ਅਗੋਂ ।

(ਇੰਦਰ ਕੌਰ ਅੰਦਰ ਆਉਂਦੀ ਹੈ । ਜੁਗਿੰਦਰ ਕੌਰ ਨਾਲੋਂ ਵਡੇਰੀ ਉਮਰ ਦੀ ਜਨਾਨੀ ਹੈ । ਬੁਲ੍ਹ ਫਰਕ ਰਹੇ ਹਨ ਜਿਵੇਂ ਕੋਈ ਪਾਠ ਕਰ ਰਹੀ ਹੈ । ਜਦੋਂ ਬੁਕਲ ਸੁਆਰਦੀ ਹੈ ਤਾਂ ਹੱਥ ਵਿਚ ਸਿਮਰਨਾ ਦਿਸਦਾ ਹੈ)

ਮਹਿੰਤ–(ਸੁਰਿੰਦਰ ਨੂੰ) ਲੈ, ਮਾਸੀ ਆ ਗਈ ਉ।ਦੇਖ ਕਿਸ ਤਰ੍ਹਾਂ ਬੁਕਲ ਵਿੱਚ ਮਾਲਾ ਪਈ ਫੇਰਦੀ ਏ, ਠਾਹ ਮਣਕੇ ਤੇ ਮਣਕਾ । ਤੂੰ ਵੀ ਕਦੀ ਵਾਹਿਗੁਰੂ ਮੂੰਹੋਂ ਆਖਿਆ ਏ ?

ਜੁਗਿੰਦਰ–ਆ ਭੈਣ ਐਧਰ ਮੇਰੇ ਕੋਲ ਆ ਬੈਠ ।



Digitized by Panjab Digital Library | www.panjabdigilib.org

ਸੁਰਿੰਦਰ—ਮਾਸੀ ਤਾਂ ਬੁਢੀ ਹੈ, ਮੈਂ ਬੁਢੀ ਹੋਵਾਂਗੀ ਤਾਂ ਮਾਲਾ ਵੀ ਫੇਰ ਲਵਾਂਗੀ। ਵਿਵੇਕਾ ਨੰਦ ਨੇ ਕਿਹਾ ਸੀ ਨੌਜੁਆਨ ਖੇਡਾਂ ਖੇਡ ਕੇ ਜਲਦੀ ਰਬ ਦੇ ਨੇੜੇ ਪਹੁੰਚ ਸਕਦੇ ਨੇ। ਪੂਜਾ ਪਾਠ ਸਭ ਬਾਅਦ ਦੀਆਂ ਗੱਲਾਂ ਨੇ। ਪਹਿਲੀ ਗੱਲ ਆਪਣੇ ਸਰੀਰ ਨੂੰ ਤਕੜਾ ਤੇ ਅਰੋਗ ਰਖਣਾ ਹੈ ਤੇ ਦੂਜਾ ਉਸ ਸਮਾਜ ਦਾ ਸੁਧਾਰ ਜਿਸ ਵਿੱਚ ਅਸਾਂ ਆਪਣੀ ਸਾਰੀ ਜ਼ਿੰਦਗੀ ਬਿਤਾਣੀ ਏ।

ਇੰਦਰ—ਜੇ ਸਾਰੀਆਂ ਗੱਲਾਂ ਨਾਲੋਂ ਨਾਲ ਚਲਣ ਤਦ?

ਮਹੰਤ—ਉਹ ਤਾਂ ਹੋਰ ਵੀ ਚੰਗਾ ਏ।

(ਟੈਲੀਫੂਨ ਦੀ ਘੰਟੀ ਫੇਰ ਖੜਕਦੀ ਹੈ)

ਮਹੰਤ—ਹੈ...ਲੋ ... ਕੀ ਭਾਅ ਏ? ... ... ਹੈਂ? ਫੇਰ ਬੰਦ ਹੋ ਗਿਆ।

(ਟੈਲੀਫੂਨ ਨੂੰ ਖੜਕਾਂਦਾ ਹੈ) ਹੈਲੋ, ਹੈਲੋ ... ...।

(ਰਸੀਵਰ ਰਖ ਦੇਂਦਾ ਹੈ)

ਇੰਦਰ—ਅਜ ਤੜਕੇ ਜਦੋਂ ਦਰਬਾਰ ਸਾਹਿਬ ਗਈ ਤਾਂ ਜ਼ਰਾ ਠੰਢ ਲਗ ਗਈ ਸੀ। ਧੁੱਪੇ ਬੈਠ ਕੇ ਪਾਠ ਪਈ ਕਰਦੀ ਸਾਂ ਤਾਹੀਓਂ ਖਵਰ ਲਾਜੋ ਸਦਣ ਆ ਗਈ।

ਜੁਗਿੰਦਰ—ਸੁਰਿੰਦਰਾਂ, ਜਾਹ ਫੇਰ ਮਾਸੀ ਲਈ ਚਾਹ ਤਾਂ ਬਣਵਾ ਦੇਹ।

ਇੰਦਰ—ਨਹੀਂ, ਕੋਈ ਲੋੜ ਨਹੀਂ।

ਜੁਗਿੰਦਰ—ਲੈ, ਸਰਦੀ ਦੀ ਬਹਾਰ ਏ, ਘੁਟ ਚਾਹ ਦਾ ਕੀ ਏ। ਜਾਹ ਸੁਰਿੰਦਰਾਂ।

ਸੁਰਿੰਦਰਾਂ—ਲਓ ਬੀ ਜੀ, ਹੁਣੇ ਬਣਵਾ ਕੇ ਲਿਆਈ।

(ਜਾਂਦੀ ਹੈ)



Digitized by Panjab Digital Library | www.panjabdigilib.org

ਜੁਗਿੰਦਰ-(ਮਹੰਤ ਸਿੰਘ ਨੂੰ) ਤੇ ਮੈਂ ਕਿਹਾ ਜੀ ਤੁਸੀਂ ਅਜ ਰੋਟੀ ਨਹੀਂ ਖਾਣੀ ?

ਮਹੰਤ-ਨਹੀਂ, ਅਜ ਰੋਟੀ ਖਾਣ ਤੇ ਦਿਲ ਨਹੀਂ; ਠਹਿਰ ਕੇ ਦੁਧ ਪੀ ਲਵਾਂਗਾ ।

ਜੁਗਿੰਦਰ-ਹਾਂ ਸਚ, ਭੈਣ ਗੱਲ ਏ ਸੀ ਕਿ ਪਰਸੋਂ ਏ ਬਸੰਤ ਪੰਚਮੀ ਤੇ ਸੁਰਿੰਦਰਾਂ ਦੇ ਸਹੁਰੇ ਦਿਹਾਰ ਭੇਜਣਾ ਸੀ। ਮੈਂ ਕਿਹਾ ਤੇਰੇ ਕੋਲੋਂ ਪੁਛ ਲਈਏ ।

ਇੰਦਰ-(ਖੁਸ਼ੀ ਨਾਲ) ਸੁਖ ਨਾਲ ਭੇਜਣਾ ਹੀ ਹੋਇਆ ਨਾ ।

ਮਹੰਤ-ਫੇਰ ਕੀ ਭੇਜਣਾ ਚਾਹੀਦੈ ?

ਇੰਦਰ-ਤੇਰਾ ਕੀ ਖਿਆਲ ਹੈ ਜੁਗਿੰਦਰ ਕੌਰੇ ?

ਜੁਗਿੰਦਰ-ਮੇਰਾ ਤਾਂ ਭੈਣ ਇਹ ਖਿਆਲ ਹੈ ਕਿ ਯਾਰਾਂ ਥਾਲ ਮਠਿਆਈ ਦੇ ਤੇ ਨਾਲ ਇਕਵੰਜਾ ਰੁਪੈ ਭੇਜ ਦੇਈਏ ।

ਇੰਦਰ-ਵਾਹ, ਐਨਾ ਕੁਝ ਭੇਜਣ ਦੀ ਕੀ ਲੋੜ ਏ ?

ਜੁਗਿੰਦਰ-ਫੇਰ ਤੂੰ ਹੀ ਦਸ ।

ਇੰਦਰ-ਬਸ, ਪੰਜ ਥਾਲ ਤੇ ਇੱਕੀ ਰੁਪੈ ਭੇਜ ਦਿਓ ।

ਜੁਗਿੰਦਰ-ਭੈਣ ਇਹ ਥੋੜ੍ਹਾ ਨਾ ਹੋਵੇਗਾ ? (ਮਹੰਤ ਸਿੰਘ ਨੂੰ) ਕਿਉਂ ਜੀ ਤੁਹਾਡਾ ਕੀ ਵਿਚਾਰ ਏ ?

ਇੰਦਰ-ਠੀਕ ਹੈ ਜੁਗਿੰਦਰ ਕੌਰੇ ।

ਮਹੰਤ-ਚਲੋ ਫੇਰ ਇਸ ਤਰ੍ਹਾਂ ਹੀ ਸਹੀ, ਜਿਵੇਂ ਵੱਡੀ ਆਖਦੀ ਏ ।

ਜੁਗਿੰਦਰ-ਫੇਰ ਹੁਣੇ ਹੀ ਭਿਜਵਾ ਦਿਓ ਖਾਂ । ਦਿਹਾਰ ਦੋ ਦਿਨ ਪਹਿਲਾਂ ਹੀ ਦਿਤਾ ਜਾਵੇ ਤਾਂ ਚੰਗਾ ਲਗਦਾ ਹੈ ।



Digitized by Panjab Digital Library | www.panjabdigilib.org

ਮਹੰਤ–(ਉਠਦਾ ਹੋਇਆ) ਚੰਗਾ ਫੇਰ ਮੈਂ ਬਾਜ਼ਾਰ ਜਾ ਕੇ ਹਲਵਾਈ ਕੋਲੋਂ ਥਾਲ ਲਗਵਾ ਦੇਂਦਾ ਹਾਂ। ਧਿਆਨ ਆਵੇ ਤਾਂ ਮੇਰੇ ਮਗਰੇ ਭੇਜ ਦੇਵੀਂ, ਜਾ ਕੇ ਦੇ ਆਵੇਗਾ।

(ਚਲਾ ਜਾਂਦਾ ਹੈ)

ਇੰਦਰ–(ਜੁਗਿੰਦਰ ਨੂੰ) ਤੂੰ ਤਾਂ ਕੁੜਮਾਂ ਦਾ ਮੂੰਹ ਮਿੱਠਾ ਕਰਾਉਣ ਲਗੀ ਏਂ, ਕੋਈ ਸਾਡਾ ਵੀ ਕਰਾਏਗਾ ਕਿ ਨਾ ?

ਜੁਗਿੰਦਰ–ਮੂੰਹ ਮਿੱਠਾ ਕਿਉਂ ਨਹੀਂ ਕਰਾਉਣਾ, ਸੁਖ ਨਾਲ ਪਹਿਲਾ ਪਹਿਲਾ ਦਿਹਾਰ ਆਉਣਾ ਏ। ਲੈ, ਸੁਰਿੰਦਰਾਂ ਚਾਹ ਵੀ ਬਣਾ ਲਿਆਈ ਊ।

(ਸੁਰਿੰਦਰਾਂ ਚਾਹ ਦੀ ਪਿਆਲੀ ਲੈ ਕੇ ਅੰਦਰ ਆਉਂਦੀ ਹੈ)

ਸੁਰਿੰਦਰ–ਲਓ ਮਾਸੀ ਜੀ ਚਾਹ ਤਾਂ ਪੀਓ।

(ਇੰਦਰ ਕੌਰ ਚਾਹ ਫੜ ਲੈਂਦੀ ਹੈ)

ਜੁਗਿੰਦਰ–ਭੈਣ ਅਜ ਧਿਆਨ ਦੇ ਸਹੁਰਿਆਂ ਨੇ ਉਹਨੂੰ ਸਦਿਆ ਏ। ਮੇਰਾ ਖਿਆਲ ਏ ਕਲ੍ਹ ਦਿਹਾਰ ਵੀ ਭੇਜਣਗੇ। ਮੁੰਡੇ ਨਾਲ ਕਾਫੀ ਹਿੱਤ ਕਰਦੇ ਨੇ।

ਇੰਦਰ–(ਮੂੰਹ ਮਰੋੜ ਕੇ) ਹੂੰਹ। ਮੁੰਡੇ ਨਾਲ ਹੀ ਹਿੱਤ ਕਰਦੇ ਨੇ, ਸਾਨੂੰ ਤਾਂ ਕੋਈ ਨਹੀਂ ਪੁਛਦਾ।

ਸੁਰਿੰਦਰ–ਤੇ ਮਾਸੀ ਜੀ ਤੁਹਾਨੂੰ ਪੁੱਛਣ ਵੀ ਕੀ ?

ਇੰਦਰ–ਵੇਖਾਂਗੀ ਕਲ੍ਹ ਦਿਹਾਰ ਆਉਂਦਾ! ਮੈਨੂੰ ਤਾਂ ਜਾਪਦੈ ਇਨ੍ਹਾਂ ਮੁੰਡੇ ਨੂੰ ਹੀ ਚਾਰ ਪੂੜੀਆਂ ਖੁਆ ਕੇ ਗਲੋਂ ਲਾਹ ਛਡਣਾ ਏ।



Digitized by Panjab Digital Library | www.panjabdigilib.org

ਜੁਗਿੰਦਰ–ਨਹੀਂ ਨਹੀਂ, ਆਵੇਗਾ ਕਿਉਂ ਨਹੀਂ ? ਪਹਿਲਾ ਪਹਿਲਾ ਦਿਹਾਰ ਵੀ ਨਹੀਂ ਆਉਣਾ ?

ਇੰਦਰ–ਜੁਗਿੰਦਰ ਕੌਰੇ ਸਚੀ ਗੱਲ ਤਾਂ ਇਹ ਹੈ ਕਿ ਤੂੰ ਸੁਰਿੰਦਰਾਂ ਵਾਸਤੇ ਤਾਂ ਘਰ ਚੰਗਾ ਲਭੈ, ਘਰੋਂ ਵੀ ਚੰਗੇ ਨੇ, ਬੀਬੇ ਰਾਣੇ ਮਨੁੱਖ ਨੇ; ਪਰ ਜਿਹੜਾ ਘਰ ਤੂੰ ਧਿਆਨ ਵਾਸਤੇ ਲਭਾ ਏ, ਉਹ ਮੈਨੂੰ ਪਸੰਦ ਨਹੀਂਓਂ ।

ਸੁਰਿੰਦਰ–(ਮੂੰਹ ਮਰੋੜ ਕੇ) ਮਾਸੀ ਜੀ ਤੁਸੀਂ ਤਾਂ ਐਵੇਂ ਨੁਕਸ ਛਾਂਟਦੇ ਰਹਿੰਦੇ ਹੋ । ਕੀ ਪਿਆ ਏ ਇਨ੍ਹਾਂ ਦਿਹਾਰਾਂ ਦੀਆਂ ਰਸਮਾਂ ਵਿੱਚ ? ਵਾਧੂ ਦੀ ਫਜ਼ੂਲ ਖਰਚੀ ।

ਜੁਗਿੰਦਰ–ਭੈਣ ਨਿੰਦਣ ਵਾਲੀ ਗੱਲ ਤਾਂ ਕੋਈ ਨਹੀਂ । ਸੋਹਣੀ ਸਜਾਦੀ ਕੁੜੀ ਏ, ਫੇਰ ਪੜ੍ਹੀ ਲਿਖੀ ਏ, ਸਿਆਣੀ ਏ, ਹੋਰ ਅਸਾਂ ਕੀ ਲੈਣਾ ਏਂ ।

ਇੰਦਰ–(ਜ਼ਰਾ ਤੇਜ਼ ਹੋ ਕੇ) ਸਾਡਾ ਵੀ ਮੁੰਡਾ ਸੋਹਣਾ, ਸਜਾਦਾ, ਪੜ੍ਹਿਆ ਲਿਖਿਆ ਜਵਾਨ ਗਭਰੂ ਏ । ਕੋਈ ਕੱਜ ਏ ਸਾਨੂੰ ?

ਸੁਰਿੰਦਰ–ਬੀ ਜੀ, ਜੋੜੀ ਫਬੇਗੀ ਵਾਹਵਾ ।

ਇੰਦਰ–ਮੈਂ ਤਾਂ ਜੁਗਿੰਦਰ ਕੌਰੇ ਇਹ ਆਖਾਂਗੀ ਕਿ ਰੱਬ ਨੇ ਤੈਨੂੰ ਲਾਲ ਦਿਤਾ ਏ ਲਾਲ, ਸੁੱਚਾ ਨਗੀਨਾ; ਪਰ ਤੂੰ ਉਹਦੀ ਕਦਰ ਨਹੀਂ ਪਛਾਣੀ, ਉਹਦਾ ਮੁਲ ਨਹੀਂ ਪਾਇਆ ।

ਜੁਗਿੰਦਰ–(ਹੈਰਾਨੀ ਨਾਲ) ਉਹ ਕਿਵੇਂ ਭੈਣ ?

ਇੰਦਰ–ਤੇਰਾ ਇਕੋ ਇਕ ਪੁੱਤਰ ਏ, ਉਹ ਵੀ ਫੇਰ ਆਗਿਆਕਾਰ ਏ । ਤੇਰੇ ਵਰਗੀ ਖੁਸ਼ਕਿਸਮਤ ਹੋਰ ਕੌਣ ਹੋ ਸਕਦੀ ਏ ? ਫੇਰ ਤੇਰਾ ਸੱਧਰਾਂ ਲਾਹੁਣ ਤੇ ਜੀਅ ਨਹੀਂ ਕਰਦਾ ?.........



Digitized by Panjab Digital Library | www.panjabdigilib.org

(ਮੂੰਹ ਭੁਆ ਕੇ) ਹੂੰਹ ! ਕੁੜੀ ਹੀ ਕੁੜੀ ਏ ਨਾ, ਹੋਰ ਤਾਂ ਕੁਝ ਨਹੀਂ ਨਾ ?

ਜੁਗਿੰਦਰ–(ਗੱਲ ਮੁਕਾਂਦੀ ਹੋਈ) ਚਲ ਭੈਣ ਸਭੋ ਕੁਝ ਏ । ਕੁੜੀ ਚੰਗੀ ਚਾਹੀਦੀ ਏ । ਅਖੇ ਉਡ ਗਈ ਦਾਤ ਤੇ ਰਹਿ ਗਈ ਕੰਮਜਾਤ ।

ਇੰਦਰ–ਸੁਖੀ ਸਾਂਦੀ, ਕਮਜਾਤ ਪੱਲੇ ਪਵੇ ਦੁਸ਼ਮਨਾਂ ਦੇ । ਸਾਡਾ ਧਿਆਨ ਤਾਂ ਸੁਚਾ ਨਗੀਨਾ ਏ । ... ... ਪਰ ਅੜੀਏ ਅਸੀਂ ਦਿਤ ਦਾਤ ਦੀ ਕਸਰ ਕਿਉਂ ਖਾਈਏ ?

ਸੁਹਿੰਦਰ–ਮਾਸੀ ਜੀ ਅਗਲਿਆਂ ਨੂੰ ਵੀ ਤੇ ਆਪਣੀ ਨਕ ਸ਼ਰਮ ਦਾ ਖਿਆਲ ਹੈ ।

ਇੰਦਰ–ਲੈ ਤੂੰ ਵੀ ਇਥੇ ਏਂ ਤੇ ਮੈਂ ਵੀ; ਵੇਖ ਲਵੀਂ । ਸਿਰ ਤੇ ਕੁੜੀ ਦੀ ਮਾਂ ਮਤਰੇਈ ਏ । ਸਾਡੇ ਮੁੰਡੇ ਦੀਆਂ ਸਧਰਾਂ ਕੀਹਨੇ ਲਾਹੁਣੀਆਂ ਨੇ !

ਜੁਗਿੰਦਰ– (ਹੌਲੀ ਜਿਹੀ) ਹਾਂ, ਇਹ ਤਾਂ ਤੂੰ ਠੀਕ ਪਈ ਆਖਨੀ ਏ ਭੈਣ !

ਸੁਰਿੰਦਰ–ਜਿਹੜੇ ਹੁਣ ਚਲੇ ਜੁ ਗਏ ਉਹਨਾਂ ਨੂੰ ਕੌਣ ਮੋੜ ਕੇ ਲਿਆ ਸਕਦਾ ਏ ? ... ਤੇ ਬੀ ਜੀ, ਤੁਹਾਡੇ ਮਾਂ ਪਿਓ ਵੀ ਤਾਂ ਛੋਟੇ ਹੁੰਦਿਆਂ ਮਰ ਗਏ ਸਨ, ਤੁਸੀਂ ਦੂਸਰਿਆਂ ਵਿੱਚ ਇਹ ਨੁਕਸ ਕਿਉਂ ਕਢਦੇ ਹੋ ।

ਇੰਦਰ–ਚੁਪ ਨੀ ਚੁਪ, ਵਡੀ ਚਲਾਕ । ਅਸੀਂ ਕੋਈ ਠੇਕਾ ਲਿਆ ਹੋਇਆ ਏ ਮਾਂ ਮਹਿਟਰਾਂ ਨੂੰ ਪਾਲਦੇ ਰਹੀਏ । ਅਸੀਂ ਏਨੇ ਪਰ-ਉਪਕਾਰੀ ਨਹੀਂ । ਪਿਛਲੀ ਹੋਈ ਬੀਤੀ, ਹੁਣ ਦੀ ਗੱਲ ਕਰੋ ।



Digitized by Panjab Digital Library | www.panjabdigilib.org

ਸੁਰਿੰਦਰ—ਮਾਸੀ ਜੀ, ਆਪਣੇ ਔਖੇ ਸਮੇਂ ਨੂੰ ਭੁੱਲ ਜਾਣਾ ਅਕਲਮੰਦੀ ਤਾਂ ਨਹੀਂ। ਜੇ ਉਹਦੀ ਮਾਂ ਮਤਰੇਈ ਏ ਤਾਂ ਬੀ ਜੀ ਸੱਕੀ ਬਣ ਕੇ ਦਿਖਾਣ। ਸੱਸ ਤੇ ਮਾਂ ਵਿੱਚ ਕੀ ਫਰਕ ਏ।

ਇੰਦਰ—(ਜੁਗਿੰਦਰ ਨੂੰ) ਕੁੜੀ ਦੇ ਪਿਉ ਦਾ ਵੀ ਕਿਹੜਾ ਕੰਮ ਚਲਦਾ ਏ। ਉਨ੍ਹਾਂ ਕੀ ਦਵਾਲ ਹੋਣਾ ਏ। ਅਜ ਕਿਤੇ ਹੋਰਥੇ ਗੱਲ ਕਰੋਂ ਤਾਂ ਦਸ ਹਜ਼ਾਰ ਨਾਲ ਆਵੇ।

ਜੁਗਿੰਦਰ—ਦਸ ਹਜ਼ਾਰ? ... ... ਇਹ ਤਾਂ ਭੈਣ ਤੂੰ ਠੀਕ ਆਖਦੀ ਹੋਵੇਂਗੀ ... ... (ਗੱਲ ਮੁਕਾਂਦੀ ਹੋਈ) ਚਲੋ ਸਾਨੂੰ ਸਭੋ ਕੁਝ ਏ।

(ਟੈਲੀਫ਼ੂਨ ਦੀ ਘੰਟੀ ਖੜਕਦੀ ਹੈ,
ਸੁਰਿੰਦਰ ਰਸੀਵਰ ਚੁਕਦੀ ਹੈ)

ਸੁਰਿੰਦਰ—ਹੈਲੋ ... ਕੀਹਨੂੰ ਬੁਲਾਂਦੇ ਹੋ? (ਟੈਲੀਫ਼ੂਨ ਪਰੇ ਕਰ ਕੇ ਜੁਗਿੰਦਰ ਨੂੰ) ਪਾਪਾ ਜੀ ਕਿੱਥੇ ਗਏ ਨੇ?

ਜੁਗਿੰਦਰ—ਬਜ਼ਾਰ ਗਏ ਨੇ ਹੁਣੇ।

ਸੁਰਿੰਦਰ—ਜੀ ਉਹ ਘਰ ਨਹੀਂ ... ... ਬਜ਼ਾਰ ਗਏ ਨੇ, ਹੁਣੇ ਆ ਜਾਣਗੇ ... ... ਤੁਸੀਂ ਫੇਰ ਫ਼ੂਨ ਕਰ ਲੈਣਾ। (ਰਖਦੀ ਹੈ)

ਸੁਰਿੰਦਰ—ਤੇ ਮਾਸੀ ਜੀ ਕੁੜੀ ਐਸੀ ਸੁਹਣੀ ਸਜਾਦੀ ਏ ਕਿ ਵੇਖਿਆਂ ਭੁੱਖ ਲਹਿੰਦੀ ਏ। ਨਿਰੀ ਚੰਬੇ ਦੀ ਕਲੀ ਏ।

ਇੰਦਰ—(ਕਾਹਲੀ ਨਾਲ) ਤੇ ਅਸਾਂ ਕੋਈ ਉਹਨੂੰ ਨਮਾਇਸ਼ ਵਿਚ ਖੜਨੈ?

ਸੁਰਿੰਦਰ—ਬੜੇ ਸੁਆਦਲੇ ਖਾਣੇ ਪਕਾਂਦੀ ਜੇ।

ਇੰਦਰ—ਅਸੀਂ ਕੋਈ ਹੋਟਲ ਖੋਲ੍ਹਣੈ?

ਸੁਰਿੰਦਰ—ਬੜਾ ਵਧੀਆ ਕੀਰਤਨ ਕਰਦੀ ਜੇ।



Digitized by Panjab Digital Library | www.panjabdigilib.org

ਇੰਦਰ–ਅਸੀਂ ਕੋਈ ਗੁਰਦੁਆਰਾ ਬਨਾਣੈ ? ਕਿ ਰਾਗ ਘਰ ਖੋਲ੍ਹਣੈ ?

ਸੁਰਿੰਦਰ–(ਨਿਰਾਸ ਹੋ ਕੇ ਉਠਦੀ ਹੋਈ) ਹਟੋ ਪਰ੍ਹੇ, ਤੁਹਾਨੂੰ ਤਾਂ ਗੁਣਾਂ ਦੀ ਕਦਰ ਹੀ ਨਹੀਂ। ਮਾਇਆ ਦੀ ਚਮਕਾਰ ਨੇ ਤੁਹਾਡੀਆਂ ਅੱਖਾਂ ਚੁੰਧਿਆ ਦਿਤੀਆਂ ਨੇ।

(ਗੁੱਸੇ ਨਾਲ ਬਾਹਰ ਨਿਕਲ ਜਾਂਦੀ ਹੈ)

ਜੁਗਿੰਦਰ–ਸੁਰਿੰਦਰਾਂ ਗੁੱਸੇ ਹੋ ਕੇ ਚਲੀ ਗਈ ਏ, ਬਾਲੜੀ ਏ ਨਾ। ਅਸਲ ਗੱਲ ਏ ਭੈਣ ਸੁਰਿੰਦਰਾਂ ਦਾ ਭਾਬੀ ਨਾਲ ਹੁਣ ਤੋਂ ਹੀ ਮੋਹ ਪੈ ਗਿਆ ਏ।

(ਮਹੰਤ ਸਿੰਘ ਆਉਂਦਾ ਹੈ)

ਮਹੰਤ–ਕਿਉਂ ਕੀ ਗੱਲ ਏ ? ਫੂਨ ਤੇ ਕੋਈ ਨਹੀਂ ਆਇਆ ਮਗਰੋਂ।

ਜੁਗਿੰਦਰ–ਭੇਜ ਦਿਤੇ ਜੇ ਬਾਲ ?

ਮਹੰਤ–ਆਹੋ, ਧਿਆਨ ਸਿੰਘ ਵੀ ਆ ਗਿਆ ਸੀ, ਉਹਨੂੰ ਭੇਜ ਆਇਆ ਹਾਂ। (ਉਚੀ) ਸੁਰਿੰਦਰਾਂ, ਸੁਰਿੰਦਰਾਂ, ਬੇਟਾ ਐਧਰ ਆ। ( ਸੁਰਿੰਦਰ ਆਉਂਦੀ ਹੈ ) ਤੇ ਤੂੰ ਅੰਦਰ ਜਾ ਬੈਠੀ ਏ ?

ਸੁਰਿੰਦਰ–(ਆਉਂਦਿਆਂ ਹੀ) ਵੇਖੋ ਪਾਪਾ ਜੀ, ਭਾਬੀ ਜੀ ਐਨੇ ਸੁਘੜ ਸਿਆਣੇ ਨੇ ਤੇ ਮਾਸੀ ਜੀ ਕਹਿੰਦੇ ਨੇ ਪਈ ਕੁੜਮਾਈ ਛਡ ਦਿਓ ?

ਮਹੰਤ–(ਹੈਰਾਨੀ ਨਾਲ) ਕਿਉਂ ? ਕੁੜਮਾਈ ਕਿਉਂ ਛਡ ਦੇਈਏ।

ਜੁਗਿੰਦਰ–(ਜ਼ਰਾ ਹਸਦੀ ਹੋਈ) ਭੈਣ ਦੇ ਕਹਿਣ ਦਾ ਮਤਲਬ ਹੈ ਜੀ ਕਿ ਉਥੋਂ ਆਉਣਾ ਕੁਝ ਨਹੀਂ, ਕੁੜੀ ਦੇ ਸਿਰ ਤੇ ਮਾਂ ਜੁ ਨਾ ਹੋਈ।



Digitized by Panjab Digital Library | www.panjabdigilib.org

ਇੰਦਰ–ਨਾਲੇ ਉਨ੍ਹਾਂ ਦੀ ਹੈਸੀਅਤ ਵੀ ਕੀ ਏ ? ... ...ਮੈਨੂੰ ਸਮਝ ਨਹੀਂ ਆਉਂਦੀ ਤੁਸੀਂ ਇਸ ਘਰ ਤੇ ਭੁਲ੍ਹ ਕਿਵੇਂ ਪਏ।

ਸੁਰਿੰਦਰ–ਤੇ ਅਸੀਂ ਮੁਢੋਂ ਹੀ ਅਮੀਰ ਜੰਮੇ ਹੋਵਾਂਗੇ ?

ਇੰਦਰ–(ਜ਼ਰਾ ਤੇਜ਼ ਹੋ ਕੇ) ਫੇਰ ਓਹੀ ਗੱਲ। ਤੈਨੂੰ ਇਕ ਵਾਰ ਜੁ ਆਖਿਆ ਏ। ... ... ਤੂੰ ਪਿਛਲੀਆਂ ਗੱਲਾਂ ਕਿਉਂ ਫੋਲਨੀ ਏ ? ਪੈਸੇ ਨਾਲ ਪੈਸਾ ਆਉਂਦਾ ਏ। ਸਾਡੇ ਤੇ ਅੱਜ ਪ੍ਰਮਾਤਮਾ ਨੇ ਮਿਹਰ ਕੀਤੀ ਏ, ਸਾਡਾ ਦਿਲ ਨਹੀਂ ਕਰਦਾ ਕੁੜਮਾਂ ਦੀਆਂ ਦਾਤਾਂ ਲਈਏ ?

(ਮਹੰਤ ਸਿੰਘ ਨੰਬਰ ਭੁਆ ਕੇ ਟੈਲੀਫੂਨ ਚੁਕਦਾ ਹੈ ਨਾਲੇ ਗੱਲਾਂ ਕਰੀ ਜਾਂਦਾ ਹੈ ਤੇ ... ... 'ਹੈਲੋ ਕੀ ਭਾਅ ਹੈ' ਆਖ ਕੇ ਕੁਝ ਚਿਰ ਪਿਛੋਂ ਰਖ ਦੇਂਦਾ ਹੈ)

ਜੁਗਿੰਦਰ–ਕੁੜਮਾਂ ਦੀਆਂ ਦਾਤਾਂ ਲੈਣ ਨੂੰ ਕੀਹਦਾ ਜੀਅ ਨਹੀਂ ਕਰਦਾ, ਪਰ ਹੁਣ ਕੁੜਮਾਈ ਕਰ ਜੁ ਬੈਠੇ। ਸੁਰਿੰਦਰਾਂ ਨੂੰ ਕੁੜੀ ਚੰਗੀ ਲਗੀ ਸੀ, ਅਸੀਂ ਆਖਿਆ ਚਲੋ ਠੀਕ ਐ।

ਇੰਦਰ–ਦੇਖ ਮਹੰਤ ਸਿੰਘ, ਮੇਰੀ ਵਲੋਂ ਜਮ ਜਮ ਕਰੋ, ਮੈਂ ਕੋਈ ਤੁਹਾਡੀ ਦੋਖੀ ਨਹੀਂ। ਮੈਨੂੰ ਤਾਂ ਇਸ ਗੱਲ ਨਾਲ ਖੁਸ਼ੀ ਏ ਕਿ ਤੁਹਾਡੇ ਘਰ ਐਨੀਆਂ ਦਾਤਾਂ ਆਉਣ ਕਿ ਅੰਦਰ ਬਾਹਰ ਭਰ ਜਾਵੇ।

ਸੁਰਿੰਦਰ–ਛਡੋ ਮਾਸੀ ਜੀ ਇਸ ਫਜ਼ੂਲ ਗੱਲ ਨੂੰ। ਰੱਬ ਦੇ ਹੀ ਦਿਤਿਆਂ ਪੂਰੀ ਪੈਂਦੀ ਏ।

ਜੁਗਿੰਦਰ–ਅਜ ਧਿਆਨ ਨੂੰ ਸਹੁਰਿਆਂ ਨੇ ਸਦਿਆ ਹੀ ਹੈ ਨਾ, ਕੁਝ ਦੇਣਗੇ ਹੀ।



Digitized by Panjab Digital Library | www.panjabdigilib.org

ਇੰਦਰ–ਮੈਂ ਤਾਂ ਆਖਨੀਆਂ ਉਹ ਜਾਵੇ ਹੀ ਨਾ ।

ਸਾਰੇ–(ਹੈਰਾਨੀ ਨਾਲ) ਜਾਵੇ ਹੀ ਨਾ ? ... ਕਿਉਂ ?

ਇੰਦਰ–(ਜ਼ਰਾ ਕੜਕ ਕੇ) ਪਤਾ ਨਹੀਂ ਤੁਹਾਡੀ ਮੱਤ ਨੂੰ ਕੀ ਹੋਇਆ ਏ। ਤੁਸੀਂ ਆਉਂਦੇ ਰਿਜ਼ਕ ਨੂੰ ਲੱਤਾਂ ਮਾਰਦੇ ਓ । ਅਜ ਤੁਸੀਂ ਹਾਂ ਕਰੋ ਤਾਂ ਕੁੜਮਾਈਆਂ ਬਥੇਰੀਆਂ । ਦਸ ਹਜ਼ਾਰ ਨਾਲ ਆ ਸਕਦਾ ਏ ।

ਮਹੰਤ–ਆ ਤਾਂ ਸਕਦਾ ਏ । ਅਜ ਕਲ੍ਹ ਕੁੜੀਆਂ ਵਾਲੇ ਅਗੇ ਪਿੱਛੇ ਪਏ ਫਿਰਦੇ ਨੇ । ਪਰ ਹੁਣ ਕੁੜਮਾਈ ਕਰ ਬੈਠੇ ਹਾਂ,ਕਿਸ ਮੂੰਹ ਨਾਲ ਛਡੀਏ ?

ਜੁਗਿੰਦਰ–(ਸੋਚੀਂ ਪਈ ਹੋਈ) ਇਹੋ ਗੱਲ ਤਾਂ ਮੈਂ ਆਖੀ ਏ ।

ਸੁਰਿੰਦਰ–ਬੀ ਜੀ, ਇਹ ਕੋਈ ਚੰਗੀ ਗੱਲ ਏ, ਕੁੜਮਾਈ ਕਰ ਕੇ ਛਡ ਦੇਣੀ ?

ਇੰਦਰ–ਕਿਉਂ ਤੇ ਛਡਣ ਨੂੰ ਡਰ ਵੀ ਕੀ ਏ ? ਕੁੜਮਾਈ ਕੱਚਾ ਧਾਗਾ ਹੁੰਦਾ ਏ, ਟੁਟਦਿਆਂ ਕੋਈ ਦੇਰ ਲਗਦੀ ਏ ?

ਜੁਗਿੰਦਰ–ਤਾਂ ਫੇਰ ਭੈਣ ਤੇਰਾ ਮਤਲਬ ਹੈ ਪਈ ਅਜ ਧਿਆਨ ਨੂੰ ਭੇਜੀਏ ਹੀ ਨਾ ।

ਇੰਦਰ–ਮੈਂ ਤਾਂ ਆਖਨੀ ਆਂ ਇਸ ਗੱਲ ਦਾ ਖਹਿੜਾ ਹੀ ਛਡੋ । (ਛਾਤੀ ਤੇ ਹੱਥ ਮਾਰ ਕੇ) ਧਿਆਨ ਦੀ ਕੁੜਮਾਈ ਮੈਂ ਕਰਾਵਾਂਗੀ ਤੇ ਦਾਜ ਦੌਣ ਐਨਾ ਆਵੇਗਾ ਕਿ ਸਾਂਭਦੀ ਥਕੇਂ ।

ਸੁਰਿੰਦਰ–(ਖਿਝ ਕੇ) ਕੀ ਪਈ ਕਰਨੀ ਏਂ ਮਾਸੀ, ਉਲਟੀਆਂ ਪਟੀਆਂ ਪਈ ਪੜ੍ਹਾਨੀ ਏਂ ।



Digitized by Panjab Digital Library | www.panjabdigilib.org

ਸੁਰਿੰਦਰ-(ਮਹੰਤ ਨੂੰ) ਕਿਉਂ ਜੀ ਫੇਰ ਹੁਣ ਭੈਣ ਦਾ ਆਖਾ ਵੀ ਨਹੀਂ ਮੋੜਿਆ ਜਾਂਦਾ।

ਸੁਰਿੰਦਰ--ਬੀ ਜੀ, ਤੁਸੀਂ ਤਾਂ ਐਵੇਂ ਮਾਸੀ ਦੀਆਂ ਗੱਲਾਂ ਵਿੱਚ ਆ ਗਏ ਓ।

ਮਹੰਤ-ਮੈਨੂੰ ਤਾਂ ਸਮਝ ਨਹੀਂ ਆਉਂਦੀ। ਲੋਕ ਸੁਣਨਗੇ ਤਾਂ ਕੀ ਕਹਿਣਗੇ। ਕੋਈ ਸਾਨੂੰ ਬੁਰਾ ਬਣਾਵੇਗਾ, ਕੋਈ ਉਨ੍ਹਾਂ ਨੂੰ।

ਇੰਦਰ--ਲੋਕੀਂ ਤਾਂ ਹਮੇਸ਼ਾਂ ਹੀ ਗੱਲਾਂ ਬਣਾਉਂਦੇ ਰਹਿੰਦੇ ਨੇ, ਕਿਸੇ ਨੇ ਲੋਕਾਂ ਦਾ ਮੂੰਹ ਥੋੜ੍ਹਾ ਈ ਫੜ ਲੈਣਾ ਏ?

ਮਹੰਤ-ਹੁਣ ਸਾਨੂੰ ਜੁ ਕੋਈ ਪੁਛੇ ਕਿ ਤੁਸਾਂ ਕੁੜਮਾਈ ਕਿਉਂ ਛਡੀ ਤਾਂ ਕੀ ਕਹਾਂਗੇ?

ਇੰਦਰ-ਇਹ ਗੱਲ ਤੁਸੀਂ ਮੇਰੇ ਤੇ ਛਡ ਦਿਓ। ਕਹਿ ਦਿਆਂਗੇ ਪਤਾ ਲਗਾ ਸੀ ਕੁੜੀ ਕੁਪੱਤੀ ਹੈ।

ਸੁਰਿੰਦਰ-ਹਾਇ! ਹਾਇ! ਮਾਸੀ ਨਿਰਾ ਝੂਠ!

ਇੰਦਰ-ਦੁਨੀਆਂ ਵਿਚ ਇਸ ਤਰ੍ਹਾਂ ਹੀ ਹੁੰਦਾ ਏ।

ਸੁਰਿੰਦਰ-ਜੇ ਤੁਸੀਂ ਝੂਠ ਉਪੱਦਰ ਤੋਲੋਗੀਆਂ ਤਾਂ ਅਗਲੇ ਘਟ ਕਰਨਗੇ? ਉਹ ਨਾ ਮੁੰਡੇ ਨੂੰ ਕੋਈ ਊਜ ਲਾਉਣਗੇ?

ਮਹੰਤ-ਧਿਆਨ ਦੀ ਬੀਬੀ, ਸੁਰਿੰਦਰ ਦੀ ਇਹ ਗੱਲ ਸੋਲ੍ਹਾਂ ਆਨੇ ਸਚੀ ਜੇ। ਕੁੜਮਾਈ ਬੇਸ਼ਕ ਛਡ ਦਿਓ, ਪਰ ਮੂੰਹੋਂ ਗੱਲ ਕੋਈ ਨਾ ਕਢਣੀ।

ਸੁਰਿੰਦਰ-ਪਾਪਾ ਜੀ, ਤੁਸੀਂ ਵੀ ਕੁੜਮਾਈ ਛਡਣ ਦੇ ਹੱਕ ਵਿਚ ਹੋ ਗਏ ਹੋ? ਮੈਂ ਇਹ ਹਰਗਿਜ਼ ਨਹੀਂ ਹੋਣ ਦਿਆਂਗੀ।



Digitized by Panjab Digital Library | www.panjabdigilib.org

ਇੰਦਰ—ਤੂੰ ਕੋਈ ਸਾਥੋਂ ਵੱਡੀ ਨਹੀਂ, ਕੀ ਹੋਇਆ ਜੇ ਚਾਰ ਅੱਖਰ ਪੜ੍ਹ ਗਈ। ਅਸੀਂ ਤੈਨੂੰ ਜੰਮਿਆ ਏ ਕਿ ਤੂੰ ਸਾਨੂੰ ਜੰਮਿਆ ਏ?

ਸੁਰਿੰਦਰ—ਪਰ ਉਸ ਵਿੱਚ ਨੁਕਸ ਕੀ ਏ ? ... ... ਸਿਰਫ ਇਹੋ ਕਿ ਉਨ੍ਹਾਂ ਦਾ ਘਰ ਜ਼ਰਾ ਹਲਕਾ ਹੈ।

ਮਹੰਤ-(ਜ਼ਰਾ ਹੱਸ ਕੇ) ਇਹ ਕੋਈ ਛੋਟਾ ਜਿਹਾ ਨੁਕਸ ਏ ?

ਸੁਰਿੰਦਰ-(ਜ਼ਰਾ ਕੜਕ ਕੇ) ਅਜ ਤੁਹਾਨੂੰ ਸਾਰਿਆਂ ਨੂੰ ਕੀ ਹੋ ਗਿਆ ਏ? ਤੁਹਾਡੀਆਂ ਅੱਖਾਂ ਤੇ ਲਾਲਚ ਦੀ ਪੱਟੀ ਬੱਝ ਗਈ ਏ, ਤੁਹਾਨੂੰ ਬੰਦੇ ਕੀੜੀਆਂ ਨਜ਼ਰ ਆਉਣ ਲਗ ਪਏ ਨੇ।

ਮਹੰਤ--(ਜ਼ਰਾ ਗੁੱਸੇ ਦੇ ਅੰਦਾਜ਼ ਵਿਚ ਜ਼ੋਰ ਨਾਲ) ਸੁਰਿੰਦਰ !

ਜੁਗਿੰਦਰ--ਸ਼ਰਮ ਤੇ ਨਹੀਂ ਆਉਂਦੀ ਹੋਣੀ ਪਿਓ ਸਾਹਮਣੇ ਬੋਲਦਿਆਂ।

ਇੰਦਰ—(ਤਾੜਨਾ ਦੇ ਲਹਿਜੇ ਵਿਚ) ਸੁਰਿੰਦਰਾਂ, ਕਿਹੀ ਜ਼ਬਾਨ ਕੈਂਚੀ ਵਾਂਗ ਚਲਾਈ ਜਾਨੀ ਏ।

ਸੁਰਿੰਦਰ—(ਗੁੱਸੇ ਨਾਲ ਉਠਦੀ ਹੋਈ) ਲਾਲਚ ਦੀਆਂ ਪੱਟੀਆਂ ਨੂੰ ਕਟਣ ਲਈ ਮੈਨੂੰ ਇਹ ਕੈਂਚੀ ਵਰਤਣੀ ਹੀ ਪਵੇਗੀ। ਮੈਂ ਵੀਰ ਜੀ ਨੂੰ ਆਪੇ ਸਾਰੀ ਗੱਲ ਸਮਝਾ ਦਿਆਂਗੀ ...

(ਬਾਹਰ ਚਲੀ ਜਾਂਦੀ ਹੈ)

ਮਹੰਤ—(ਗੁੱਸੇ ਵਿਚ) ਸਾਡੀ ਮਰਜ਼ੀ, ਅਸੀਂ ਨਹੀਂ ਕਰਦੇ – ਸਾਨੂੰ ਮੱਤਾਂ ਦੇਣ ਲਗੀ ਏ !

ਜੁਗਿੰਦਰ—ਚਲੋ ਛਡੋ ਜੀ, ਬਾਲੜੀ ਜੁ ਹੋਈ। ਆਪੇ ਸਮਝ ਜਾਵੇਗੀ।

ਮਹੰਤ—ਤੁਸੀਂ ਧਿਆਨ ਨੂੰ ਬੇਸ਼ਕ ਅਜ ਸਹੁਰੇ ਨਾ ਭੇਜਣਾ।

(ਟੈਲੀਫੂਨ ਦੀ ਘੰਟੀ ਖੜਕਦੀ ਹੈ)



Digitized by Panjab Digital Library | www.panjabdigilib.org

ਮਹੰਤ–(ਰਸੀਵਰ ਚੁਕ ਕੇ) ਹੈ...ਲੋ ... ... ਕੀ ਭਾਅ ਏ ?... ... ਹੈਂ... ...
ਫੇਰ ਤਰਿਆਨਵੇਂ ਹੋ ਗਿਐ ? ... ... ਪੌਣੇ ਤਿਰਾਨਵੇਂ ? ... ...
ਖੈਰ ਮਾਰਕੀਟ ਹਮੇਸ਼ਾਂ ਖੇਡਦੀ ਹੀ ਹੁੰਦੀ ਹੈ। ... ... ਨਹੀਂ
ਬਈ ਕੋਈ ਵਿਚਾਰ ਨਹੀਂ।

(ਰਸੀਵਰ ਰਖਦਾ ਹੈ)

ਜੁਗਿੰਦਰ–(ਉਚੀ) ਲਾਜੋ, ਨੀ ਲਾਜੋ।

ਮਹੰਤ–ਕੀ ਆਖਣਾ ਈ ਲਾਜੋ ਨੂੰ, ਉਹ ਤਾਂ ਧਿਆਨ ਦੇ ਨਾਲ ਬਾਲ
ਛਡਣ ਗਈ ਏ।

ਜੁਗਿੰਦਰ–ਓਹੋ। ਮੈਨੂੰ ਖਿਆਲ ਈ ਨਹੀਂ ਰਿਹਾ। ਮੈਂ ਕਿਹਾ ਤੁਹਾਡੇ
ਜੋਗਾ ਦੁਧ ਗਰਮ ਕਰ ਲਿਆਵੇ...ਹੱਛਾ, ਮੈਂ ਆਪ ਜਾਨੀ ਆਂ।

(ਜਾਂਦੀ ਹੈ)

(ਟੈਲੀਫੂਨ ਦੀ ਘੰਟੀ ਖੜਕਦੀ ਹੈ)

ਮਹੰਤ–(ਰਸੀਵਰ ਚੁਕ ਕੇ) ਹੈ...ਲੋ ... ਕੀ ਭਾਅ ਏ ? ਸਾਢੇ ਬਾਨਵੇਂ ?
ਹਛਾ ? ... ... ਖੈਰ, ਭਾਅ ਵਧੇਗਾ ਤਾਂ ਦਸੀਂ। (ਰਖਦਾ ਹੈ)

(ਕਮਰੇ ਵਿਚ ਦੋ ਕੁ ਮਿੰਟ ਚੁਪ ਛਾ ਜਾਂਦੀ ਹੈ। ਫੇਰ
ਮਹੰਤ ਸਿੰਘ ਜ਼ਰਾ ਵਧੇਰੇ ਆਰਾਮ ਨਾਲ ਕੁਰਸੀ
ਤੇ ਬੈਠ ਕੇ ਗੱਲ ਸ਼ੁਰੂ ਕਰਦਾ ਹੈ)

ਮਹੰਤ–ਸੁਣਾ ਭੈਣ, ਅਜ ਕਲ੍ਹ ਗੁਰਬਖਸ਼ ਦੀ ਕੋਈ ਚਿੱਠੀ ਆਉਂਦੀ
ਹੁੰਦੀ ਏ ਕਿ ਨਹੀਂ ? ... ... ਕਾਨਪੁਰ ਹੀ ਹੈ ਨਾ ?

ਇੰਦਰ–(ਮੂੰਹ ਮਰੋੜ ਕੇ) ਨਹੀਂ ਆਉਂਦੀ ਤਾਂ ਨਿਜ ਆਵੇ, ਮੇਰੀ ਟੁੱਟੀ
ਜੁੱਤੀ ਨੂੰ।



Digitized by Panjab Digital Library | www.panjabdigilib.org

ਮਹਿੰਤ—ਫੇਰ ਵੀ ਤੇਰਾ ਆਪਣਾ ਪੁਤਰ ਹੈ।

ਇੰਦਰ—ਮਹਿੰਤ ਸਿੰਘਾ, ਜਿਹੜਾ ਮੇਰੇ ਵਾਕਾਂ ਵਿੱਚ ਨਾ ਹੋਵੇ ਉਹਨੂੰ ਮੈਂ ਕੀ ਕਰਾਂ ?

ਮਹਿੰਤ—ਬਹੁਤਾ ਸਖਤ ਨਹੀਂ ਹੋਈਦਾ। ਇਸੇ ਲਈ ਤਾਂ ਉਹ ਘਰੋਂ ਚਲਾ ਗਿਆ ਸੀ।

ਇੰਦਰ—ਜਾਂਦਾ ਏ ਤਾਂ ਜਾਏ ਪਿਆ। ਖਰਚ ਮੁਕ ਜਾਏਗਾ ਤਾਂ ਆਪੇ ਲਿਲਕੜੀਆਂ ਕਢਦਾ ਆਵੇਗਾ।

ਮਹਿੰਤ—ਇਹ ਗੱਲ ਤੂੰ ਰਹਿਣ ਦੇਹ। ਅਜ ਕਲ ਦੇ ਮੁੰਡੇ ਨਹੀਂ ਪਰਵਾਹ ਕਰਦੇ। ਨਾਲੇ ਗੁਰਬਖਸ਼ ਸਿਆਣਾ ਏ, ਆਪੇ ਕਮਾ ਖਾਵੇਗਾ। ਮੇਰਾ ਖਿਆਲ ਨਹੀਂ ਤੇਰੇ ਅਗੇ ਹੱਥ ਅਡੇ।

(ਟੈਲੀਫੂਨ ਦੀ ਘੰਟੀ ਖੜਕਦੀ ਹੈ)

ਮਹਿੰਤ—(ਰਸੀਵਰ ਚੁਕ ਕੇ) ਹੈ...ਲੋ ! ਕੀ ਭਾਅ ਏ ? ... ਹੈਂ ! ਨਬੇ ਹੋ ਗਿਐ ? ... ... ਇਕ ਦਮ ਟੁਟ ਗਿਐ ? ... ... ਨਹੀਂ ਬਈ ਕੁਝ ਨਹੀਂ ਕਰਨਾ।

(ਟੈਲੀਫੂਨ ਰਖ ਕੇ ਨੰਬਰ ਭੁਆਂਦਾ ਹੈ ਤੇ ਫੇਰ ਰਸੀਵਰ ਚੁਕਦਾ ਹੈ)

ਹੈਲੋ ! ਰਾਮ ਸਰੂਪ ਏ ... ... ਕੀ ਭਾਅ ਏ ? ... .. ਉਨਾਨਵੇਂ ਹੋ ਗਿਐ ? ... ... ਕੀ ਗਲ ਕੀ ਹੋਈ ਐ ? ਕੀ ਆਖਿਆ ? ਸਮਝ ਨਹੀਂ ਲਗਦੀ ... ... ਮਾਰਕੀਟ ਵਿਚੋਂ ਪਤਾ ਕਰ ਕੇ ਫੂਨ ਕਰੀਂ।

(ਰਸੀਵਰ ਰਖ ਕੇ ਹੋਰ ਕੋਈ ਨੰਬਰ ਭੁਆਂਦਾ ਹੈ)

ਹੈਲੋ ... .. ਕੀ ਭਾਅ ਏ ? ... ... (ਘਬਰਾਹਟ ਵਿੱਚ) ਕੀ



Digitized by Panjab Digital Library / www.panjabdigilib.org

ਕਿਹਾ ? ... ਅਠਾਸੀ ? (ਇਕ ਦਮ ਰਖ ਕੇ) ਉਫ ! ਹੇ ਰਬਾ ਅਜ ਮਿਹਰ ਕਰੀਂ । ਇਕ ਦਮ ਮਾਰਕੀਟ ਬੈਠ ਰਹੀ ਏ ।

ਇੰਦਰ–ਕਿਉਂ ਕੀ ਗੱਲ ਏ ਮਹੰਤ ਸਿੰਘ । ਤੇਰੇ ਤਾਂ ਚਿਹਰੇ ਦਾ ਰੰਗ ਹੋਰ ਦਾ ਹੋਰ ਹੁੰਦਾ ਜਾਂਦਾ ਏ ।

ਮਹੰਤ--(ਘਬਰਾਹਟ ਵਿੱਚ ਹਵਾਈਆਂ ਉਡ ਰਹੀਆਂ ਨੇ) ਕੁਝ ਨਾ ਪੁਛ ਭੈਣ ਦਾਅ ਪੁਠਾ ਪੈ ਰਿਹਾ ਏ । ਇਕ ਦਮ ਭਾਅ ਥਲੇ ਚਲਾ ਗਿਆ ਏ ।

(ਟੈਲੀਫੂਨ ਦੀ ਘੰਟੀ ਖੜਕਦੀ ਹੈ)

ਮਹੰਤ–(ਘਬਰਾਹਟ ਵਿਚ) ਕੌਣ ... ... ਰਾਮ ਸਰੂਪ ਏ ? ... ਕੀ ਪਤਾ ਲਿਆ ? ... ਬਾਊ ਅਮਰ ਨਾਥ ਨੇ ਵੇਚਣਾ ਸ਼ੁਰੂ ਕਰ ਦਿਤੈ ? ਉਫ ! ਪਰ ਹੋਇਆ ਕੀ' ਹੈ ਉਹਨੂੰ ... ... ਨਿਊਯਾਰਕ ਤੋਂ ਮੰਦੇ ਦੀਆਂ ਤਾਰਾਂ ਆਈਆਂ ਨੇ ? ... ... ਉਹ ਕਿਉਂ ? ਹਛਾ ? ... ... ਹੁਣ ਭਾਅ ਕੀ ਏ ? ਸਤਾਸੀ ਅਠ ਆਨੇ ? ... ਪੂਰੇ ਸਤਾਸੀ ? ਹਛਾ ਜਲਦੀ ਕਰ ਮੇਰੇ ੩੦ ਸਿਟੇ ਵੇਚ ਦੇਹ ।

(ਰਖਦਾ ਹੈ ਤੇ ਹੋਰ ਨੰਬਰ ਭੁਆਂਦਾ ਹੈ)

ਇੰਦਰ--ਕੀ ਹੋ ਗਿਆ ਏ ।

ਮਹੰਤ–ਅਮਰੀਕਾ ਦੀ ਗੌਰਮਿੰਟ ਨੇ ਚਾਂਦੀ ਵੇਚਣੀ ਸ਼ੁਰੂ ਕਰ ਦਿਤੀ ਏ, ਸਖਤ ਮੰਦਾ ਆ ਗਿਆ ਏ । (ਬਹੁਤ ਘਬਰਾਇਆ ਏ)

ਮਹੰਤ–(ਘਬਰਾਹਟ) ਹੈਲੋ ... ਕੀ ਭਾਅ ਏ ... ਪਚਾਸੀ ? ... ਇਕ ਦਮ ਪਚਾਸੀ ? ... ... ਮੇਰੇ ੪੦ ਸਿਟੇ ਵੇਚ ਦੇਹ, ਜਲਦੀ ਕਰ ... ...

(ਰਸੀਵਰ ਰਖਦਾ ਹੈ ਤੇ ਉਠ ਕੇ ਟਹਿਲਦਾ ਹੈ)

(ਘੰਟੀ ਫੇਰ ਖੜਕਦੀ ਹੈ)



Digitized by Panjab Digital Library | www.panjabdigilib.org

ਮਹੰਤ--(ਰਸੀਵਰ ਚੁਕ ਕੇ) ਹਾਂ ... ... ਰਾਮ ਸਰੂਪ ? ... ... ਵੇਚ ਦਿਤੇ ਨੇ ? ਨਹੀਂ ਵਿਕੇ ? ... ਭਾਅ ਤਰਿਆਸੀ ਅਠ ਆਨੇ ਹੋ ਗਿਐ ?... ...ਜਲਦੀ ਵੇਚ ਦੇਹ ... ...(ਰਸੀਵਰ ਰਖ ਕੇ ਸੋਫੇ ਤੇ ਲੇਟਦਾ ਹੋਇਆ ਠੰਢੀ ਸਾਹ ਭਰ ਕੇ ਹੇ 'ਹੇ ਰਬਾ !' ਆਖਦਾ ਹੈ)

ਇੰਦਰ--ਕੀ ਬਹੁਤ ਜ਼ਾਦਾ ਘਾਟਾ ਪੈ ਰਿਹੈ ?

ਮਹੰਤ--ਕੁਝ ਨਾ ਪੁਛ ਭੈਣ ਇਸ ਵੇਲੇ ... ... ।

(ਟੈਲੀਫੂਨ ਦੀ ਘੰਟੀ ਫੇਰ ਖੜਕਦੀ ਹੈ)

ਮਹੰਤ--(ਰਸੀਵਰ ਚੁਕ ਕੇ) ਹੈਲੋ ... ... ਹਛਾ ਵੇਚ ਦਿਤੇ ਈ ? ਦਸ ਸਿਟੇ ਤਰਿਆਸੀ ਵਿਚ ਵਿਕੇ ਨੇ ? ... ... ਹੁਣ ਕੀ ਭਾਅ ਏ ? ... ... ... ਬਿਆਸੀ ਰੁਪਏ ਲਵਾਲ ? ਕਟ ਦੇਹ ਤੂੰ । ਜਿਸ ਭਾਅ ਕਟੀਦੇ ਨੇ ਕਟ ਦੇਹ ... ... ਜਲਦੀ ਕਰ । ਕੀ ਮਤਲਬ ਕੱਲਕਤਾ ਮਾਰਕੀਟ ਨਾਲ ਬਦਲਾ ਕਰ ਲਈਏ ... ਪਰ ਐਡੀ ਜਲਦੀ ਟਰੰਕ ਕਾਲ ਕਿਥੇ ਮਿਲਣੀ ਏ... ... ਕਟ ਦੇ ਤੂੰ ਜਲਦੀ ਕਰ । (ਰਖਦਾ ਹੈ ਫੇਰ ਘੰਟੀ ਖੜਕਦੀ ਹੈ) ਰਾਮ ਸਰੂਪ ? ... ਹਾਂ ... ... ਕੋਈ ਨਹੀਂ ਵਿਕੇ ? ... ... (ਗੁੱਸੇ ਨਾਲ) ਬਹੁਤ ਨਿਕੰਮਾ ਆਦਮੀ ਏਂ ਤੂੰ ... ਵੇਲੇ ਸਿਰ ਕੰਮ ਕਰਨ ਦੀ ਜਾਚ ਈ ਨਹੀਂ ... ... ਇਕਾਸੀ ਰੁਪਏ ਲਵਾਲ ਏ ? ਮੇਰੇ ਸਭ ਸਿਟੇ ਵੇਚ ਦੇਹ ... ... ਜਿਸ ਭਾਅ ਕਟੀਦੇ ਨੇ ਕਟ ਦੇ ।

(ਬੜੇ ਅਫਸੋਸ ਨਾਲ ਸੋਫੇ ਤੇ ਲੇਟਦਾ ਹੈ)

ਹੇ ਰਬਾ, ਇਹ ਕੀ ਹੋ ਗਿਆ ... ... ਇੱਕੀ ਹਜ਼ਾਰ ਦਾ ਘਾਟਾ ... ... ਉਫ ! (ਬਹੁਤ ਘਬਰਾਹਟ ਵਿਚ ਬੇਹੋਸ਼ ਜਿਹਾ ਹੋ ਜਾਂਦਾ ਹੈ)



Digitized by Panjab Digital Library | www.panjabdigilib.org

ਇੰਦਰ–(ਉਠ ਕੇ) ਮਹੰਤ ਸਿੰਘ ... ... ਮਹੰਤ ਸਿੰਘ ... ... ਕੀ ਹੋ ਗਿਐ ? (ਉਹ ਅਗੋਂ ਕੋਈ ਉਤਰ ਨਹੀਂ ਦੇਂਦਾ)

ਇੰਦਰ--ਨੀ ਜੁਗਿੰਦਰ ਕੌਰੇ ... ... ਨੀ ਜਲਦੀ ਆਈਂ ਨਸ ਕੇ ... ... ਨੀ ਜਲਦੀ ਆ ... ... ਮਹੰਤ ਸਿੰਘ ਨੂੰ ਕੁਝ ਹੋ ਗਿਆ ਏ ... ... ਪਾਣੀ ਲਿਆਈਂ ... ... ।

ਜੁਗਿੰਦਰ--ਕੀ ਹੋ ਗਿਐ ਭੈਣ ?

ਇੰਦਰ--ਇੱਕੀ ਹਜ਼ਾਰ ਦਾ ਘਾਟਾ ਪੈ ਗਿਆ ਏ ... ... ਮਹੰਤ ਸਿੰਘ ਦਾ ਦਿਲ ਘਬਰਾ ਗਿਆ ਏ ... ... ।

ਜੁਗਿੰਦਰ–ਹਾਇ ! ਇੱਕੀ ਹਜ਼ਾਰ ... ... ਭੈਣ ਅਸੀਂ ਤਾਂ ਲੁਟੇ ਗਏ ... (ਮਹੰਤ ਕੋਲ ਆ ਕੇ) ਮੈਂ ਕਿਹਾ ਜੀ ... ... ਮੈਂ ਕਿਹਾ ਜੀ ... ... ਬੋਲਦੇ ਨਹੀਂ ... ... ਹਾਇ ਮੈਂ ਮਰ ਜਾਂ, ਖਵਰੇ ਕੀ ਹੋ ਗਿਆ ਏ ! ਘਰ ਧਿਆਨ ਵੀ ਨਹੀਂ ਤੇ ਲਾਜੋ ਵੀ ਗਈ ਹੋਈ ਏ, ਡਾਕਟਰ ਨੂੰ ਕੌਣ ਸੱਦ ਕੇ ਲਿਆਵੇ ।

ਇੰਦਰ–ਨੀ ਮੂੰਹ ਤੇ ਪਾਣੀ ਦੇ ਛੱਟੇ ਮਾਰ ਸੂ ।

(ਮਹੰਤ ਸਿੰਘ ਦੇ ਮੂੰਹ ਤੇ ਪਾਣੀ ਦੇ ਛੱਟੇ ਮਾਰਦੇ ਨੇ । ਉਸਨੂੰ ਹੋਸ਼ ਆ ਜਾਂਦੀ ਹੈ । ਟੈਲੀਫ਼ੂਨ ਦੀ ਘੰਟੀ ਖੜਕੀ ਜਾਂਦੀ ਹੈ)

ਇੰਦਰ–ਮਹੰਤ ਸਿੰਘ, ਹੌਸਲਾ ਕਰ ... ... ਮਰਦਾਂ ਨਾਲ ਈ ਹੁੰਦੀਆਂ ਆਈਆਂ ਨੇ ।

ਮਹੰਤ–(ਹੋਸ਼ ਵਿਚ ਆ ਕੇ – ਰੋਣੀ ਅਵਾਜ਼ ਵਿਚ) ਧਿਆਨ ਦੀ ਬੀਬੀ ਇੱਕੀ ਹਜ਼ਾਰ ਰੁੜ੍ਹ ਗਿਆ ਈ ।

ਜੁਗਿੰਦਰ–(ਹੌਸਲੇ ਨਾਲ) ਚਲੋ ਤੁਹਾਡਾ ਸਿਰ ਸਦਕਾ ... ... ਚਲਾ



Digitized by Panjab Digital Library | www.panjabdigilib.org

ਤੇ ਚਲਾ ਗਿਆ ਸਹੀ ... ... ਤੁਸੀਂ ਆਪ ਹੀ ਕਮਾਇਆ ਸੀ ਨਾ ।

ਇੰਦਰ–ਡਾਕਟਰ ਨੂੰ ਸਦੀਏ ?

ਮਹੰਤ–ਨਹੀਂ ਕੋਈ ਲੋੜ ਨਹੀਂ । ਹੁਣ ਠੀਕ ਆਂ ।

ਇੰਦਰ–ਜਾਹ ਜੁਗਿੰਦਰ ਕੌਰੇ, ਗਰਮ ਦੁੱਧ ਲਿਆ ਕੇ ਪਿਆ ਨੇ ।

ਜੁਗਿੰਦਰ–(ਜਾਂਦੀ ਹੋਈ) ਮੈਂ ਦੁੱਧ ਹੀ ਪਈ ਗਰਮ ਕਰਦੀ ਸਾਂ ।

(ਮਹੰਤ ਸਿੰਘ ਠੰਢੇ ਸਾਹ ਭਰਦਾ ਹੋਇਆ ਫੇਰ ਉਠ ਕੇ ਬੈਠ ਜਾਂਦਾ ਹੈ ਘੰਟੀ ਖੜਕਦੀ ਹੈ)

ਮਹੰਤ–(ਰਸੀਵਰ ਚੁਕਦਾ ਹੈ) ਹਾਂ ... ਅੱਸੀ ਰੁਪਏ ਕਟ ਦਿਤੇ ਨੇ ਸਾਰੇ ।

(ਠੰਢਾ ਸਾਹ ਭਰ ਕੇ ਰਸੀਵਰ ਰਖਦਾ ਹੈ)

ਇੰਦਰ–ਕੀ ਹਾਲ ਏ ਹੁਣ ਤਬੀਅਤ ਦਾ ?

ਮਹੰਤ–ਹੁਣ ਤੇ ਠੀਕ ਆਂ । ਪਤਾ ਨਹੀਂ ਕੀ ਹੋ ਗਿਆ ਸੀ, ਇਕ ਦਮ ਅੱਖਾਂ ਅਗੇ ਹਨੇਰਾ ਆ ਗਿਆ ਤੇ ਹੋਸ਼ ਨਾ ਰਹੀ ।

ਜੁਗਿੰਦਰ–ਇਹ ਲਓ ਦੁਧ ਪੀਓ ਜੀ ...

(ਜੁਗਿੰਦਰ ਦੁੱਧ ਲੈ ਆਉਂਦੀ ਹੈ)

(ਮਹੰਤ ਘੁਟ ਘੁਟ ਪੀਂਦਾ ਹੈ)

ਇੰਦਰ–ਗਏ ਤਾਂ ਧੇਲੇ ਦਾ ਵੀ ਗ਼ਮ ਹੁੰਦਾ ਏ ... ... ਇਹ ਤਾਂ ਫੇਰ ਇੱਕੀ ਹਜ਼ਾਰ ਰੁੜ੍ਹ ਗਿਐ ।...ਹਛਾ, ਹੁਣ ਤੂੰ ਚਿੰਤਾ ਨਾ ਲਾਈਂ, ਰੱਬ ਫੇਰ ਦੇਵੇਗਾ ।



Digitized by Panjab Digital Library | www.panjabdigilib.org

ਜੁਗਿੰਦਰ–ਭੈਣ, ਇਹ ਮਾਇਆ ਦੀ ਖੇਡ ਈ ਨਿਰਾਲੀ ਏ, ਨ ਜਾਂਦਿਆਂ ਪਤਾ ਲਗਦਾ ਏ ਨਾ ਆਉਂਦਿਆਂ ।

ਇੰਦਰ–ਮੈਂ ਤਾਂ ਅਗੇ ਵੀ ਮਹੰਤ ਸਿੰਘ ਨੂੰ ਸਲਾਹ ਦੇ ਚੁਕੀ ਆਂ ਕਿ ਹੁਣ ਕੋਈ ਕਾਰਖਾਨਾ ਖੋਲ੍ਹ ਲੈ ਤੇ ਇਸ ਸਿਆਪੇ ਨੂੰ ਛਡ ।

ਮਹੰਤ–ਭੈਣ ਜਿਹੜੇ ਕੰਮ ਵਿਚ ਪੈਸੇ ਲਭਦੇ ਹੋਣ ਉਹਨੂੰ ਕੌਣ ਛਡ ਸਕਦਾ ਏ ... ... ਇਹ ਤਾਂ ਕੋਈ ਖੋਟੀ ਕਿਸਮਤ ਦਾ ਚਕਰ ਆ ਗਿਐ ... ... (ਸਿਰ ਸੁਟ ਕੇ ਪੈ ਜਾਂਦਾ ਹੈ)

ਇੰਦਰ–ਤੇ ਹੁਣ ਚਿੰਤਾ ਲਾਇਆਂ ਕੀ ਬਣਦਾ ਏ ?

ਜੁਗਿੰਦਰ–ਸਿੱਟੇ ਦਾ ਕੰਮ ਵੀ ਸੂਲਾਂ ਦੀ ਸੇਜ ਏ; ਦਿਨ ਰਾਤ, ਮਿੰਟ ਮਿੰਟ ਤੇ ਚਿੰਤਾ ਲਗੀ ਰਹਿੰਦੀ ਏ ।

ਇੰਦਰ–ਚਿੰਤਾ ਤਾਂ ਹਡਾਂ ਦਾ ਖੌ ਹੋਇਆ । ਐਵੇਂ ਤਾਂ ਨਹੀਂ ਕਹਿੰਦੇ 'ਚਿੰਤਾ ਚਿਖਾ ਬਰੋਬਰੇ, ਕੇਲੇ ਮੁੱਢ ਕਰੀਰ । ਉਹ ਝੂਲੇ ਉਹ ਪਛੀਏ, ਚੋਟਾਂ ਸਹੇ ਸਰੀਰ' ।

ਮਹੰਤ–ਇਸੇ ਲਈ ਤਾਂ ਮੈਂ ਧਿਆਨ ਨੂੰ ਇਸ ਪਾਸੇ ਨਹੀਂ ਪਾਇਆ ।

ਜੁਗਿੰਦਰ–ਤੇ ਉਹ ਵੀ ਕਿਹੜਾ ਪਸੰਦ ਕਰਦਾ ਏ ?

ਇੰਦਰ–ਧਿਆਨ, ਸੁਖ ਨਾਲ, ਤੁਹਾਡਾ ਆਗਿਆਕਾਰ ਪੁਤਰ ਏ । ਫੇਰ ਚੌਦਾਂ ਜਮਾਤਾਂ ਪੜ੍ਹ ਗਿਐ, ਤੁਹਾਨੂੰ ਕਾਹਦਾ ਘਾਟਾ ਏ ? ਚਲੋ ਫੇਰ ਖਟ ਲਓਗੇ ।

ਮਹੰਤ–ਇਸੇ ਲਈ ਤਾਂ ਮੈਂ ਧਿਆਨ ਨੂੰ ਸਰਕਾਰੀ ਨੌਕਰੀ ਵਿਚ ਪਾ ਦਿਤਾ ਏ । ਮਿਹਨਤੀ ਏ, ਕੋਈ ਦਿਨ ਪਾ ਕੇ ਕਿਸੇ ਨਾ ਕਿਸੇ ਚੰਗੇ ਅਹੁਦੇ ਤੇ ਪਹੁੰਚ ਹੀ ਜਾਏਗਾ ।

ਜੁਗਿੰਦਰ–ਤੁਸੀਂ ਆਪ ਰਾਜ਼ੀ ਰਹੋ ਸਭ ਕੁਝ ਏ ।



Digitized by Panjab Digital Library | www.panjabdigilib.org

(ਟੈਲੀਫ਼ੂਨ ਦੀ ਘੰਟੀ ਖੜਕਦੀ ਹੈ)

ਮਹੰਤ–(ਬੇ ਦਿਲੀ ਨਾਲ)ਹੈ...ਲੋ ! ...ਕੀ ਭਾਅ ਏ ?ਉਨਾਸੀ ਰੁਪਏ ?...

(ਰਸੀਵਰ ਰਖਕੇ ਢਾਸਨਾ ਲਾਉਂਦਾ ਹੋਇਆ)

ਹੇ ਰਬਾ ! ਇਹ ਕੀ ਹੋ ਗਿਐ ।

ਜੁਗਿੰਦਰ–ਹੁਣ ਛਡੋ ਵੀ ਇਸ ਗੱਲ ਦਾ ਖਹਿੜਾ । ਤੁਸੀਂ ਰਾਜ਼ੀ ਰਵੋ, ਰੱਬ ਫੇਰ ਦੇ ਦੇਵੇਗਾ । ਅਸੀਂ ਕੋਈ ਉਹਦੇ ਮਾਂਹ ਮਾਰੇ ਨੇ ?

ਇੰਦਰ–ਮਹੰਤ ਸਿੰਘ, ਹੁਣ ਖਿਆਲ ਕਿਤੇ ਹੋਰਦਰੇ ਪਾ । ਫਿਕਰ ਕਰ ਕੇ ਹੋਰ ਆਪਣੀ ਸਿਹਤ ਖਰਾਬ ਕਰਨੀ ਊ ? ... ...

(ਲਾਜੋ ਅੰਦਰ ਆਉਂਦੀ ਏ । ਇਕ ਕਜਿਆ ਹੋਇਆ ਥਾਲ ਸਿਰ ਤੇ ਹੈ ਤੇ ਦੂਸਰਾ ਮੋਢੇ ਤੇ)

ਇੰਦਰੋ– ਕੌਣ ? ਲਾਜੋ !

ਜੁਗਿੰਦਰ–ਹੈਂ ! ਲਾਜੋ, ਤੂੰ ਇਹ ਮੋੜ ਕਿਉਂ ਲਿਆਈ ਏ ?

ਇੰਦਰ–ਸੁਰਿੰਦਰਾਂ ਦੀ ਸੱਸ ਘਰ ਨਹੀਂ ਸੀ ? ਉਡੀਕ ਲੈਣਾ ਸੀ ।

(ਜੁਗਿੰਦਰ ਉਹਦੇ ਕੋਲੋਂ ਇਕ ਥਾਲ ਫੜ ਲੈਂਦੀ ਹੈ, ਦੂਜਾ ਉਹ ਸਿਰ ਤੋਂ ਲਾਹ ਕੇ ਹੱਥ ਵਿੱਚ ਰਖਦੀ ਹੈ)

ਲਾਜੋ–ਬੀਬੀ ਜੀ, ਉਹਨਾਂ ਥਾਲ ਮੋੜ ਦਿਤੇ ਨੇ ।

ਸਾਰੇ–ਹੈਂ ! ਮੋੜ ਦਿਤੇ ਨੇ ? ... ... ਧਿਆਨ ਕਿਥੇ ਏ ? ... ...

ਲਾਜੋ–ਛੋਟੇ ਸਰਦਾਰ ਜੀ ਪਿੱਛੇ ਪਏ ਆਉਂਦੇ ਨੇ ... ।

ਜੁਗਿੰਦਰ–ਕੀ ਕਹਿੰਦੀ ਸੀ ਉਹ ?



Digitized by Panjab Digital Library | www.panjabdigilib.org

ਲਾਜੋ–ਬੀਬੀ ਜੀ ਉਹਨੂੰ ਤਾਂ ਕਹਿੰਦੀ ਨੂੰ ਸ਼ਰਮ ਨਹੀਂ ਆਈ ... ... ।

(ਮਹੰਤ ਸਿੰਘ ਅਫਸੋਸ ਵਿੱਚ ਤੇ ਹੈਰਾਨੀ ਵਿੱਚ ਅੱਖਾਂ ਪਾੜ ਪਾੜ ਕੇ ਤਕਦਾ ਹੈ)

ਇੰਦਰ–ਕੀ ਆਖਿਆ ਸੂ ।

ਲਾਜੋ–ਛੋਟੇ ਸਰਦਾਰ ਜੀ ਨੂੰ ਆਖਿਆ ਸੂ ... ... ਸਾਰੇ ਜਹਾਨ ਤੇ ਹੁੱਲ ਗਈ ਏ ਕਿ ਅਜ ਤੁਹਾਡਾ ਪਿਓ ਸੱਟੇ ਵਿੱਚ ਸਭ ਕੁਝ ਹਾਰ ਕੇ ਨੰਗ ਹੋ ਗਿਆ ਏ ... ... ਸਾਨੂੰ ਹੁਣ ਉਹਨੇ ਕੀ ਦੇਣਾ ਏ ... ।

ਮਹੰਤ–(ਸਿਰ ਸੁਟ ਕੇ ਲੇਟ ਜਾਂਦਾ ਹੈ) ਹੇ ਰੱਬਾ, ਇਹ ਕੀ ਹੋ ਰਿਹਾ ਏ !

ਇੰਦਰ–(ਹੱਥ ਮਲਦੀ ਹੋਈ) ਹਾਇ ! ਹਾਇ ਨੀ ਤੈਨੂੰ ਹਨੇਰ ਪੈ ਜਾਏ ! ਐਨੀ ਥੋੜ੍ਹ ਜਿਗਰੀ ਨਿਕਲੀ ... ... ।

ਜੁਗਿੰਦਰ–ਐਨਾ ਘੁਮੰਡ ਕੀ ਆਖ ! ... ... ਅਜ ਸਾਡਾ ਚਲਾ ਗਿਆ ਏ ... ... ਕਲ੍ਹ ਨੂੰ ਫੇਰ ਰੱਬ ਦੇਵੇਗਾ ।

ਇੰਦਰ–ਕੋਈ ਪੁੱਛੇ, ਨੀ ਭੈੜੀਏ ਤੁਸੀਂ ਜੰਮਦੇ ਹੀ ਅਮੀਰ ਸਓ। ਮਾਇਆ ਤਾਂ ਢਲਦਾ ਪਰਛਾਵਾਂ ਹੁੰਦੀ ਏ, ਅਜ ਮੇਰੀ ਕਲ੍ਹ ਤੇਰੀ ... ... ਚ: ਚ: ਚ ! ... ਹਾਇ ਹਾਇ ! ਮਾਇਆ ਕਿਸ ਤਰ੍ਹਾਂ ਲੋਕਾਂ ਦੀਆਂ ਅੱਖਾਂ ਚੁੰਧਿਆ ਦੇਂਦੀ ਏ ।

ਲਾਜੋ–ਫੇਰ ਆਖਣ ਲਗੀ ਕੁੜਮਾਈ ਦਾ ਕੀ ਏ, ਕੁੜਮਾਈ ਤਾਂ ਕੱਚਾ ਧਾਗਾ ਹੁੰਦੀ ਏ ਟੁਟਦਿਆਂ ਕੋਈ ਦੇਰ ਲਗਦੀ ਏ ।

ਇੰਦਰ–ਹਾਇ ਨੀ ਭੈੜੀਏ ! ਲੋਕਾਂ ਦਾ ਕਿੰਨਾ ਲਹੂ ਸੁਫੇਦ ਏ ! ਚੰਦਰੀਏ ਜਿਹੀ ਸਾਡੇ ਨਾਲ ਕੀਤੀ ਊ ਤੇਰੀਆਂ ਧੀਆਂ ਅਗੇ ਆਵੇ ।



Digitized by Panjab Digital Library | www.panjabdigilib.org

(ਜੁਗਿੰਦਰ ਕੌਰ ਅਫਸੋਸ
ਵਿਚ ਬੈਠੀ ਅੱਖਾਂ ਪੂੰਝਦੀ ਹੈ)

ਮਹੰਤ–ਨਾ ਭੈਣ, ਕਿਸੇ ਨੂੰ ਕੋਸਣ ਦਾ ਕੀ ਫੈਦਾ, ਸਾਡੀ ਕਿਸਮਤ ਈ ਭੈੜੀ ਹੋ ਗਈ ਏ।

(ਟੈਲੀਫੂਨ ਦੀ ਘੰਟੀ ਖੜਕਦੀ ਹੈ)

ਮਹੰਤ–(ਰਸੀਵਰ ਚੁਕ ਕੇ) ਹੈ...ਲੋ ... ਕੀ ਭਾਅ ਏ ?

'ਪਰਦਾ'

****



Digitized by Panjab Digital Library | www.panjabdigilib.org